ੴ

ਮਾਸਕ ਸੂਰਾ ਪੱਤਰ

ਅੰਮ੍ਰਿਤਸਰ

ਗੁਰਦੁਆਰਾ ਫ਼ਤਹਗੜ੍ਹ ਸਾਹਿਬ, ਸਰਹੰਦ

ਦਸੰਬਰ ੧੯੮੫



DEC 1985

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਦੋ ਸਾਹਿਬਜ਼ਾਦੇ ਇਥੇ ਕੰਧਾਂ ਵਿਚ ਚਿਣਕੇ ਸ਼ਹੀਦ ਕੀਤੇ ਗਏ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੪ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਮਰਣੁ ਮੁਣਸਾ ਸੂਰਿਆਂ ਹਕੁ ਹੈ | ੩ | ਗੁਰਬਾਣੀ |
| ਚਾਰ ਸਾਹਿਬਜ਼ਾਦੇ | ੪ | ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ |
| ਅੱਲ੍ਹਾ ਯਾਰ ਖਾਂ ਜੋਗੀ ਦੀਆਂ ਨਜ਼ਰਾਂ ਵਿਚ ਸਾਹਿਬਜ਼ਾਦੇ | ੫ | ਗੰਜਿ ਸ਼ਹੀਦਾਂ ਚੋਂ |
| ਹਰਿ ਕੀਰਤਨ | ੯ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਵਿਚਾਰਨ ਜੋਗ | ੧੨ | ਜਥੇਦਾਰ ਅਖੰਡ ਕੀਰਤਨੀ ਜ਼ਥਾ |
| ਅਮਰੀਕਾ ਵਿਚ ਸਿਖ ਬੱਚਿਆਂ ਦੀ ਸਾਰ ਸੰਭਾਲ | ੧੩ | ਸੰਪਾਦਕ |
| ਸਤਿਗੁਰੁ ਸਾਹੁ ਸਿਖ ਵਣਜਾਰੇ | ੧੪ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| ਮੱਸੇ ਰੰਘੜ ਨੂੰ ਕਰਨੀ ਦਾ ਫਲ (ਆਖ਼ਰੀ ਕਿਸ਼ਤ) | ੧੯ | ਕੈਪਟਨ ਸਵਰਨ ਸਿੰਘ ਜੀ |
| ਮਹਾਨ ਇਨਕਲਾਬੀ ਸਤਿਗੁਰੂ | ੨੪ | ਡਾ: ਮਨਮੋਹਨ ਸਿੰਘ ਜੀ |
| ਸਿਖ ਧਰਮ ਵਿਚ ਰਾਤ ਜਾਗਰਣ | ੨੫ | ਗਿ: ਗੋਪਾਲ ਸਿੰਘ ਜੀ ਮਿਤਰ |
| ਦੋ ਕਵਿਤਾਵਾਂ | ੨੮ | ਡਾ: ਜਸਵੰਤ ਸਿੰਘ ਜੀ ਨੇਕੀ |
| ਅਮਰ ਸ਼ਹੀਦ—ਦਸਮੇਸ਼ ਦੁਲਾਰੇ (ਕਵਿਤਾ) | ੨੮ | ਗਿ: ਗੋਪਾਲ ਸਿੰਘ ਜੀ ਮਿਤਰ |
| ਇਕ ਦਰਦੀਲੀ ਯਾਦ | ੨੯ | ਸ: ਬਰਜਿੰਦਰ ਸਿੰਘ ਜੀ |
| ਗੁਰਸਿੱਖੀ ਬਾਰੀਕ ਹੈ | ੩੧ | 'ਸੂਰਾ' ਪਰਵਾਰ |
| ਧਰਮ-ਪਰਚਾਰ | ੩੬ | ਮਾਸਟਰ ਤਾਰਾ ਸਿੰਘ ਜੀ |
| ਸ਼ਬਦ-ਸੁਰਤ ਤੇ ਸੱਚੀ ਯੋਗ-ਸਾਧਨਾ | ੩੭ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਮਿਟ ਗਏ ਸਿੰਘਾਂ ਦੀ ਹਸਤੀ ਮਿਟਾਉਣ ਵਾਲੇ (ਕਵਿਤਾ) | ੪੦ | ਸ: ਕਸ਼ਮੀਰਾ ਸਿੰਘ ਜੀ 'ਚਮਨ' |
| ਯੂ. ਪੀ. ਵਿਖੇ ਗੁਰਪੁਰਬ ਸਮੇਂ ਸਿਖੀ ਸਿਦਕ ਦੇ ਅਲੌਕਿਕ ਨਜ਼ਾਰੇ | ੪੧ | ਸੰਪਾਦਕ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗਰਿਆਈ ੧੪ ਦਸੰਬਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ ੧੬ ਦਸੰਬਰ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਸੁਰਿੰਦਰ ਸਿੰਘ, ਖੰਨਾ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੦-੦੦ |
| ਮੇਜਰ ਮਨੋਹਰ ਸਿੰਘ, ਪ੬ ਏ. ਪੀ. ੳ. | ਅਖੰਡਪਾਠ ਦੇ ਭੋਗ ਸਮੇਂ | ੧੧-੦੦ |
| ਸ: ਕੇਹਰ ਸਿੰਘ, ਧਰਾਊ (ਮੈਨਪੁਰੀ) | ਪੁਤਰੀ ਦੇ ਸ਼ੁਭ ਅਨੰਦ ਕਾਰਜ ਸਮੇਂ | ੧੦੧-੦੦ |
| ਸ: ਖੇਮ ਸਿੰਘ ਦਿਲੀ | ਪੋਤਰੇ ਰੌਣਕ ਸਿੰਘ ਦੀ ਖੁਸ਼ੀ ਵਿਚ | ੨੧-੦੦ |
| ਭਾਈ ਕੁਲਵੰਤ ਸਿੰਘ, ਕੋਵੈਨਟਰੀ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੮੪-੮੭ |
| ਬੀਬੀ ਪ੍ਰੀਤਮ ਕੌਰ ਵੋਲਵਰ ਹੈਂਪਟਨ ਯੂ. ਕੇ. | ,, ,, ,, | ੧੬੩-੭੦ |
| ਬੀਬੀ ਜੋਗਿੰਦਰ ਕੌਰ ਸਮੈਥਵਿਕ ਯੂ. ਕੇ. | ,, ,, ,, | ੧੪-੫੯ |
| ਸ: ਸਰਵਣ ਸਿੰਘ, ਸਾਹਨੇਵਾਲ (ਲੁਧਿਆਣਾ) | ,, ,, ,, | ੧੦-੦੦ |

ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੪.੧੨.੮੫ ਨੂੰ ਪ੍ਰਕਾਸ਼ਤ ਕੀਤਾ।

**ਟੈਲੀਫ਼ੋਨ ਨੰਬਰ 51847 ਘਰ : 43094**

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੫-੦੦

**ਹਵਾਈ ਡਾਕ**

ਅਰਬ ਮਲਾਇਆ ੫੫-੦੦
ਯੂ. ਕੇ., ਅਫ਼ਰੀਕਾ ੭੫-੦੦
ਕੈਨੇਡਾ, ਅਮਰੀਕਾ ੯੦-੦੦

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੫੦-੦੦

**ਹਵਾਈ ਡਾਕ**

ਯੂ. ਕੇ. ਅਫਰੀਕਾ ੭੫੦-੦੦
ਕੈਨੇਡਾ ਅਮਰੀਕਾ ੯੦੦-੦੦
ਅਰਬ ਮਲਾਇਆ ੫੫੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ ਦਸੰਬਰ ੧੯੮੫ ਅੰਕ ੧੨

## ਮਰਣੁ ਮੁਣਸਾ ਸੂਰਿਆਂ ਹਕੁ ਹੈ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥
[ਸਲੋਕ ਮ: ੧, ਪੰਨਾ ੧੪੧੨

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ ॥
[ਵਡਹੰਸੁ ਮ: ੧, ਪੰਨਾ ੫੭੯

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥੨॥
[ਸਲੋਕ ਕਬੀਰ ਜੀ, ਪੰਨਾ ੧੧੦੫



www.AKJ.Org

# ਚਾਰ ਸਾਹਿਬਜ਼ਾਦੇ

[ਪ੍ਰੋਫੈਸਰ ਪਿਆਰਾ ਸਿੰਘ ਜੀ 'ਪਦਮ']

ਅਸੀਂ ਚਾਰੇ ਸਾਹਿਬਜ਼ਾਦਿਆਂ ਦੀ ਵਡਿਆਈ ਕੇਵਲ ਇਸ ਲਈ ਹੀ ਨਹੀਂ ਕਰਦੇ ਕਿ ਇਨ੍ਹਾਂ ਦਾ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਹੋਇਆ ਸੀ, ਸਗੋਂ ਇਸ ਵਡਿਆਈ ਦਾ ਅਸਲ ਕਾਰਨ ਇਹ ਹੈ ਕਿ ਉਨ੍ਹਾਂ ਦੀ ਮ੍ਰਿਤੂ ਕੁਰਬਾਨੀ ਦੇ ਘਰ ਹੋਈ ਸੀ। ਸ਼ਹਾਦਤ ਦੀ ਦੇਵੀ ਨੂੰ ਜਿਸ ਤਰ੍ਹਾਂ ਉਨ੍ਹਾਂ ਰੀਝਾਇਆ, ਉਹ ਬੇਮਿਸਾਲ ਹੈ। ਸ਼ਹੀਦੀ ਦਾ ਜੋ ਸਬਕ ਉਨ੍ਹਾਂ ਪੜ੍ਹਾਇਆ, ਉਹ ਹਰ ਸਿਖ ਬੱਚੇ ਨੂੰ ਇਤਨਾ ਕੰਠ ਹੋ ਗਿਆ ਹੈ ਕਿ ਕਦੀ ਭੁਲਾਇਆ ਜਾਣ ਵਾਲਾ ਨਹੀਂ।

ਸੱਚ ਪੁਛੋ ਤਾਂ ਇਹ ਸਾਹਿਬਜ਼ਾਦਿਆਂ ਦੀ ਕੁਰਬਾਨੀ ਹੀ ਹੈ ਜਿਸ ਨੇ 'ਸਿਖ ਲਹਿਰ' ਨੂੰ 'ਸਿੰਘ ਲਹਿਰ' ਬਣਾ ਕੇ ਇਨਕਲਾਬੀ ਰਸਤੇ ਪਾਇਆ। ਬਾਬਾ ਬੰਦਾ ਬਹਾਦਰ ਪਾਸ ਕੋਈ ਵੀ ਐਸਾ ਸਾਜ਼ੋ-ਸਾਮਾਨ ਨਹੀਂ ਸੀ ਜੋ ਪੰਜਾਬੀਆਂ ਨੂੰ ਹਲੂਣਾ ਦੇਂਦਾ। ਉਸ ਨੇ ਪੰਜਾਬ ਵਿਚ ਆ ਕੇ ਇਕੋ ਹੋਕਾ ਦਿਤਾ ਸੀ, "ਤੁਹਾਨੂੰ ਚਮਕੌਰ ਯਾਦ ਕਰਦਾ ਹੈ, ਤੁਹਾਨੂੰ ਸਰਹੰਦ ਸੱਦਾ ਦਿੰਦੀ ਹੈ, ਆਓ! ਉਨ੍ਹਾਂ ਮਹਿਲਾਂ ਤੇ ਦੀਵਾਰਾਂ ਨੂੰ ਢਾਹੀਏ ਜਿਥੇ ਜਾਬਰ ਸ਼ਹਿਨਸ਼ਾਹੀਅਤ ਨੇ ਡੇਰਾ ਜਮਾਇਆ ਹੋਇਆ ਹੈ।"

ਆਖ਼ਰ ਇਸ ਵੰਗਾਰ ਦਾ ਪੂਰਾ ਪੂਰਾ ਸਤਿਕਾਰ ਤੇ ਜੈ ਜੈਕਾਰ ਹੋਇਆ ਤੇ ਸ਼ਹੀਦੀਆਂ ਦੀ ਬਰਕਤ ਨਾਲ ਨਵੇਂ ਫ਼ਤਹਗੜ੍ਹ ਆਬਾਦ ਹੋਏ। ਸੋ ਇਹ ਅਤਿਕਥਨੀ ਨਹੀਂ ਕਿ ਇਸ ਸ਼ਹਾਦਤ ਨੇ ਸਾਡੇ ਇਤਿਹਾਸ ਨੂੰ ਸਹੀ ਪਾਸੇ ਤੁਰਨ ਲਈ ਸੁਚੱਜੀ ਤੇ ਸ਼ਕਤੀਸ਼ਾਲੀ ਅਗਵਾਈ ਦਿਤੀ ਹੈ ਤੇ ਸਿਖ ਸੰਗਤਾਂ ਸਦਾ ਹੀ ਇਸ ਨੂੰ ਦਿਲੋਂ ਮਨੋਂ ਸ਼ਰਧਾਂਜਲੀ ਅਰਪਨ ਕਰਦੀਆਂ ਆ ਰਹੀਆਂ ਹਨ।............

ਜਦੋਂ ਸਤਿਗੁਰਾਂ ਨੂੰ 'ਸੱਚਾ ਪਾਤਸ਼ਾਹ' ਨਾਮ ਨਾਲ ਯਾਦ ਕੀਤਾ ਜਾਵੇ ਤਾਂ ਜ਼ਰੂਰੀ ਸੀ ਕਿ ਉਨ੍ਹਾਂ ਦੀ ਲਾਇਕ ਤੇ ਹੋਨਹਾਰ ਸੰਤਾਨ ਨੂੰ ਵੀ ਅਜਿਹੇ ਉਚੇ ਤੇ ਮਾਨਯੋਗ ਸ਼ਬਦਾਂ ਨਾਲ ਬੁਲਾਇਆ ਜਾਂਦਾ। ਇਸੇ ਕਰਕੇ ਸਿਖ ਸੰਗਤਾਂ ਵਿਚ ਆਦਰ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਪੁਤਰਾਂ ਨੂੰ 'ਚਾਰ ਸਾਹਿਬਜ਼ਾਦੇ' ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਖ਼ਾਸ ਕਰਕੇ ਇਨ੍ਹਾਂ ਦੀ ਕੁਰਬਾਨੀ ਭਰਪੂਰ ਕਰਣੀ ਇਸ ਵਡਿਆਈ ਲਈ ਜ਼ਿਮੇਵਾਰ ਹੈ। ਇਨ੍ਹਾਂ ਦੇ ਨਾਮ, ਪਿਤਾ ਸਤਿਗੁਰੂ ਦੀ ਬੀਰ-ਰਸੀ ਤੇ ਜੇਤੂ ਬਿਰਤੀ ਦੇ ਲਖਾਇਕ ਹਨ।.........

ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਪੁਤਰ ਕੁਰਬਾਨੀਆਂ ਸਦਕੇ ਇਤਨੇ ਮਹਾਨ ਸਿਧ ਹੋਏ ਕਿ ਤਵਾਰੀਖ਼ ਉਨ੍ਹਾਂ ਦੀ ਪ੍ਰਸੰਸਾ ਕਰਦੀ ਨਹੀਂ ਥੱਕਦੀ। ਇਹ ਗੱਲ ਗੁਰੂ ਸਾਹਿਬ ਦੀ ਵਡਿਆਈ ਨੂੰ ਚਾਰ ਚੰਨ ਲਾਉਂਦੀ ਹੈ ਕਿ ਜਿਵੇਂ ਉਨ੍ਹਾਂ ਦੇ ਵਡੇਰਿਆਂ* ਨੇ ਆਪਣੇ ਬਲੀਦਾਨ ਰਾਹੀਂ ਜ਼ਿੰਦਗੀ ਨੂੰ ਸਰਬ-ਕਲਾ ਸਮਰੱਥ ਬਣਾਇਆ ਤਿਵੇਂ ਉਨ੍ਹਾਂ ਦੀ ਸੰਤਾਨ ਦੀ ਕੁਰਬਾਨੀ ਨੇ ਵੀ ਧਾਰਮਿਕ ਸੁਤੰਤਰਤਾ ਤੇ ਮਨੁਖੀ ਸਵੈਮਾਨ ਨੂੰ ਸ਼ਕਤੀ ਪ੍ਰਦਾਨ ਕੀਤੀ।

[ਪੁਸਤਕ 'ਚਾਰ ਸਾਹਿਬਜ਼ਾਦੇ' ਵਿਚੋਂ ਧੰਨਵਾਦ ਸਹਿਤ

*ਪੜਦਾਦਾ ਗੁਰੂ ਅਰਜਨ ਦੇਵ ਜੀ ਮਹਾਨ ਕਵੀ ਤੇ ਕੁਰਬਾਨੀ-ਪੁੰਜ ਸਨ, ਦਾਦਾ ਹਰਿਗੋਬਿੰਦ ਸਾਹਿਬ ਤੇਗ ਦੇ ਧਨੀ ਸਨ ਤੇ ਪਿਤਾ ਗੁਰੂ, ਤਿਆਗ ਵੈਰਾਗ ਤੇ ਬਲੀਦਾਨ ਦੀ ਸਾਮਰਤੱਖ ਮੂਰਤਿ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਵਿਅਕਤਿੱਤਵ ਇਸ ਵਿਰਾਸਤ ਦਾ ਸੰਗਮ ਸਿਧ ਹੋਇਆ। ਜਿਥੇ ਉਹ ਪੜਦਾਦੇ ਵਾਂਗ ਵਿਦਵਾਨ ਕਵੀ ਸਨ ਉਥੇ ਦਾਦੇ ਵਾਂਗ ਮਹਾਨ ਤਲਵਰੀਏ ਵੀ ਸਨ ਅਤੇ ਪਿਤਾ ਵਾਂਗ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਉਤਸ਼ਾਹ-ਭਰਪੂਰ ਸਨ।



www.AKJ.Org

# ਅੱਲ੍ਹਾ ਯਾਰ ਖ਼ਾਂ ਜੋਗੀ ਦੀਆਂ ਨਜ਼ਰਾਂ ਵਿਚ ਸਾਹਿਬਜ਼ਾਦੇ

ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ ਆਪਣੀ ਪੁਸਤਕ 'ਚਾਰ ਸਾਹਿਬਜ਼ਾਦੇ' ਵਿਚ ਉਪਰੋਕਤ ਕਵੀ ਬਾਰੇ ਲਿਖਦੇ ਹਨ :—

''ਸਾਹਿਬਜ਼ਾਦਿਆਂ ਦੀ ਕੁਰਬਾਨੀ ਨੇ ਗ਼ੈਰ-ਸਿਖ ਹਲਕਿਆਂ ਵਿਚ ਵੀ ਡੂੰਘਾ ਪ੍ਰਭਾਵ ਪਾਇਆ। ਜੇਕਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਬੇਮਿਸਾਲ ਹੈ ਤਾਂ ਇਸ ਕੁਰਬਾਨੀ ਦੀ ਕਹਾਣੀ ਕਹਿਣ ਵਾਲੇ ਸ਼ਾਇਰ ਅੱਲ੍ਹਾ ਯਾਰ ਖ਼ਾਂ ਜੋਗੀ ਦਕਨੀ ਦੀ ਕਲਮ ਵੀ ਬੇਮਿਸਾਲ ਹੈ, ਜਿਸ ਨੇ ਇਸ ਸ਼ਹਾਦਤ ਦੇ ਸਾਕੇ ਨੂੰ ਉਰਦੂ ਨਜ਼ਮਾਂ ਵਿਚ ਡੂੰਘਾ ਰੰਗ ਭਰ ਕੇ ਪੇਸ਼ ਕੀਤਾ। ਪੰਜਾਹ ਕੁ ਵਰ੍ਹੇ ਤੋਂ ਉਪਰ ਸਮਾਂ ਹੋਇਆ ਜਦੋਂ ਇਸ ਸਿਦਕੀ ਸ਼ਾਇਰ ਨੇ ''ਗੰਜਿ ਸ਼ਹੀਦਾਂ'' ਤੇ ''ਸ਼ਹੀਦਾਨਿ ਵਫ਼ਾ'' ਦੋ ਉਰਦੂ ਕਿੱਸੇ ਲਿਖੇ ਸਨ, ਜੋ ਬਹੁਤ ਪੜ੍ਹੇ ਤੇ ਸਲਾਹੇ ਗਏ। ਇਹ ਸੱਚ ਮੁੱਚ ਹੀ ਟੁੰਬਣ ਵਾਲੇ ਤੇ ਡੂੰਘਾ ਪ੍ਰਭਾਵ ਪਾਉਣ ਵਾਲੇ ਹਨ।''

ਅਸੀਂ ਹੇਠਾਂ ਟੂਕ ਮਾਤਰ ਕੁਝ ਸ਼ੇਅਰ ਵਡੇ ਸਾਹਿਬਜ਼ਾਦਿਆਂ ਦੇ ਪਰਸੰਗ ਚੋਂ ਪਾਠਕਾਂ ਦੇ ਪੇਸ਼ ਕਰਦੇ ਹਾਂ। ਕਵੀ ਦੇ ਦਿਲ ਦੇ ਉਬਾਲ ਤੇ ਉਛਾਲੇ ਤਾਂ ਦੋਵੇਂ ਪਰਸੰਗ ਪੜ੍ਹਨ ਨਾਲ ਹੀ ਸਾਹਮਣੇ ਆ ਸਕਦੇ ਹਨ।

## 'ਗੰਜਿ ਸ਼ਹੀਦਾਂ' (ਚਮਕੌਰ ਦੀ ਗੜ੍ਹੀ ਵਿਚ)

ਜਬ ਕਿਲ੍ਹਾ ਮੇਂ ਜਾ ਉਤਰੀ ਥੀ ਸਤਿਗੁਰ ਕੀ ਸਵਾਰੀ।
'ਵਾਹਿਗੁਰੂ ਕੀ ਫਤਿਹ' ਦਲੇਰੋਂ ਨੇ ਪੁਕਾਰੀ।
ਵੁਹ ਹੁਮਹੁਮਾ ਸ਼ੇਰੋਂ ਕਾ, ਵੁਹ ਆਵਾਜ਼ ਥੀ ਭਾਰੀ।
ਥਰਥਰਾ ਗਿਆ ਚਮਕੌਰ ਹੂਆ ਜ਼ਲਜ਼ਲਾ ਭਾਰੀ।
ਸਕਤੇ ਮੇਂ ਖ਼ੁਦਾਈ ਥੀ ਤੋ ਹੈਰਤ ਮੇਂ ਜਹਾਂ ਥਾ।
ਨਾਅਰਾ ਸੇ ਹੂਆ ਚਰਖ਼ ਭੀ ਸਾਕਿਨ ਯਿ ਗੁਮਾਂ ਥਾ।੭।

ਖ਼ੈਮੇ ਕੀਏ ਇਸਤਾਦਹ ਵਹੀਂ ਉਠ ਕੇ ਕਿਸੀ ਨੇ।
ਖਲ੍ਹੀ ਕਮਰ ਆਰਾਮ ਕੋ ਹਰ ਇਕ ਜਰੀ ਨੇ।
ਰਹਿਰਾਸ ਕਾ ਦੀਵਾਨ ਸਜਾਇਆ ਗੁਰੂ ਜੀ ਨੇ।
ਮਿਲ ਜੁਲ ਕਰ ਸਰੇ ਸ਼ਾਮ ਭਜਨ ਗਾਇਆ ਸਭੀ ਨੇ।
ਖਾਨਾ ਕਈ ਵਕਤੋਂ ਸੇ ਮੁਯੱਸਰ ਨ ਥਾ ਆਇਆ।
ਇਸ ਸ਼ਾਮ ਭੀ ਸ਼ੇਰੋਂ ਨੇ ਕੜਾਕਾ ਹੀ ਉਠਾਇਆ।੮।

ਕੁਛ ਲੇਟ ਗਏ ਖ਼ਾਕ ਪਿ ਜ਼ੀ-ਪੋਸ਼ ਵਿਛਾ ਕਰ।
ਪਹਰਾ ਲਗੇ ਦੇਨੇਂ ਕਈ ਤਲਵਾਰ ਉਠਾ ਕਰ।
ਗੋਬਿੰਦ ਭੀ ਸ਼ਬ-ਬਾਸ਼ ਹੁਏ ਖ਼ੈਮਾ ਮੇਂ ਜਾ ਕਰ।
ਦੇਖਾ ਤੋ ਵਹਾਂ ਬੈਠੇ ਹੈਂ ਗਰਦਨ ਕੋ ਝੁਕਾ ਕਰ।
ਵਾਹਿਗੁਰੂ, ਵਾਹਿਗੁਰੂ ਹੈ ਮੂੰਹ ਸੇ ਨਿਕਲਤਾ।
ਹੈਂ ਤੂੰ ਹੀ ਤੂੰ, ਤੂਹੀ ਤੂ, ਹੈ ਮੂੰਹ ਸੇ ਨਿਕਲਤਾ।੯।

ਜਬ ਡੇੜ ਘੜੀ ਰਾਤ ਗਈ ਜ਼ਿਕਰਿ-ਖ਼ੁਦਾ ਮੇਂ।
ਖ਼ੈਮੇ ਸੇ ਨਿਕਲ ਆਏ ਸਰਕਾਰ ਹਵਾ ਮੇਂ।
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੁਆ ਮੇਂ।
ਬੋਲੇ, 'ਐ ਖ਼ੁਦਾਵੰਦ! ਹੂੰ ਖ਼ੁਸ਼ ਤੇਰੀ ਰਜ਼ਾ ਮੇਂ'।
ਕਰਤਾਰ ਸੇ ਕਹਿਤੇ ਥੇ ਗੋਇਆ ਰੂਬਰੂ ਹੋ ਕਰ।
'ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖ਼ਰੂ ਹੋ ਕਰ'।੧੮।

''ਮੈਂ ਤੇਰਾ ਹੂੰ, ਬੱਚੇ ਭੀ ਮਿਰੇ ਤੇਰੇ ਹੈਂ ਮੌਲਾ।
ਥੇ ਤੇਰੇ ਹੀ, ਹੈਂ ਤੇਰੇ, ਰਹੇਂਗੇ ਤੇਰੇ ਦਾਤਾ।
ਜਿਸ ਹਾਲ ਮੇਂ ਰਖੇਂ ਤੂੰ ਵੁਹੀ ਹਾਲ ਹੈ ਅੱਛਾ।
ਜੁਜ਼ ਸ਼ੁਕਰ ਆਨੇ ਕਾ ਜ਼ੁਬਾਂ ਪਰ ਨਹੀਂ ਸ਼ਿਕਵਾ।
ਲੇਟੇ ਹੂਏ ਹੈਂ ਖਾਲਸਾ ਜੀ ਆਜ ਜ਼ਿਮੀਂ ਪਰ।
ਕਿਸ ਤਰਹ ਸੇ ਚੈਨ ਆਏ ਹਮੇਂ ਸ਼ਾਹਿ-ਨਸ਼ੀਂ ਪਰ''।੧੧।

ਯਿਹ ਕਹਿ ਕੇ ਗੁਰੂ ਲਸ਼ਕਰਿਖ਼ੁਫਤਾ ਮੇਂ ਦਰ ਆਏ।
ਪਹਰੇ ਪਿ ਜਵਾਂ ਊਂਘਤੇ ਅਕਸਰ ਨਜ਼ਰ ਆਏ।
ਯੂੰ ਹਰ ਜਗ੍ਹਾ ਖ਼ਾਮੋਸ਼ ਗਏ, ਬੇਖ਼ਬਰ ਆਏ।
ਸੋਏ ਹੁਏ ਬੱਚੋਂ ਕੇ ਕਰੀਂ ਯੂੰ ਪਿਦਰ ਆਏ।
ਗਰਜ਼ਿ ਕਿ ਦਬੇ ਪਾਉਂ ਟਹਿਲਨੇ ਲਗੇ ਸਤਿਗੁਰ।
ਭਗਤੀ ਸੇ ਮੁਰੀਦੋਂ ਕੀ, ਬਹਲਨੇ ਲਗੇ ਸਤਿਗੁਰ।੧੨।

ਸਾਫ਼ੇ ਕਭੀ ਸਿੰਘੋਂ ਕੇ ਉਠਾਤੇ ਥੇ ਜ਼ਿਮੀਂ ਸੇ।
ਕੇਸ ਉਸਕੇ ਜੁ ਝਾੜੇ ਤੋ ਲੀ ਖ਼ਾਕ ਉਸਕੀ ਜਬੀਂ ਸੇ।
ਸਭ ਠੀਕ ਕੀਏ ਸਰਕੇ ਹੂਏ ਬਾਲਸ਼ਿ-ਜ਼ੀਂ ਸੇ।
ਤਰਤੀਬ ਦੀ ਹਰ ਚੀਜ਼ ਕੋ ਲਾ ਲਾ ਕੇ ਕਹੀਂ ਸੇ।
ਹਾਸ਼ਾ! ਕਿਸੀ ਮੁਰਸ਼ਦ ਮੇਂ ਯੇ ਅਸਯਾਰ ਨਹੀਂ ਹੈ।
ਯਿਹ ਪਿਆਰ ਕਿਸੀ ਪੀਰ ਮੇਂ ਜ਼ਿਨਹਾਰ ਨਹੀਂ ਹੈ।੧੩।



www.AKJ.Org

ਥੇ ਦੇਖਤੇ ਹਰ ਇਕ ਕੋ ਗੁਰੂ ਦੀਦਾਏ ਤਰ ਸੇ।
ਉਲਫ਼ਤ ਕੀ ਨਿਗਾਹੋਂ ਸੇ ਮੁਹਬਤ ਕੀ ਨਜ਼ਰ ਸੇ।
ਬਾਂਧੇ ਹੂਏ ਪਟਕਾ ਪਏ ਖ਼ਿਦਮਤ ਥੇ ਕਮਰ ਸੇ।
ਥਾ ਜਾਗਤਾ ਕੋਈ ਤੋ ਸਰਕ ਜਾਤੇ ਥੇ ਸਰ ਸੇ।
ਨਫ਼ਰਤ ਥੀ ਯਾਂ ਤਕ ਸ਼ਹਿ ਵਾਲਾ ਕੋ ਰਿਆ ਸੇ।
ਨੇਕੀ ਕੋ ਛੁਪਾਤੇ ਥੇ ਸਦਾ ਮਾ-ਓ-ਸ਼ੁਮਾ ਸੇ।੧੪।

ਜਿਨ ਸਿੰਘੋਂ ਨੇ ਕੱਲ ਮੌਤ ਕੇ ਸਾਹਿਲ ਥਾ ਉਤਰਨਾ।
ਕੱਲ ਸੁਬਹ ਥਾ ਜਿਨ ਖ਼ਾਲਸੋਂ ਨੇ ਜੰਗ ਮੇਂ ਮਰਨਾ।
ਬਾਲੀਂ ਸੇ ਸ਼ਹੀਦੋਂ ਕੇ ਹੂਆ ਜਬ ਕਿ ਗੁਜ਼ਰਨਾ।
ਮੁਸ਼ਕਲ ਹੂਆ ਇਸ ਜਾ ਸੇ ਕਦਮ ਆਗੇ ਕੋ ਧਰਨਾ।
ਚੂਮਾ ਕਭੀ ਹਲਕੂਮ, ਦਹਨ ਚੂਮਨੇ ਬੈਠੇ।
ਜਬ ਪਾਇੰਤੀ ਆਏ ਤੋ ਚਰਨ ਚੂਮਨੇ ਬੈਠੇ।੧੫।

ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ।
ਕਹਿ ਦੋ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯੇਹ ਪਿਆਰ ਮੁਰੀਦੋਂ ਸੇ ਯੇਹ ਸ਼ਰਕਤ ਭੀ ਕਹੀਂ ਹੈ।
ਭਗਤੀ ਮੇਂ ਗੁਰੂ ਅਰਸ਼, ਸੰਸਾਰ ਜ਼ਿਮੀਂ ਹੈ।
ਉਲਫ਼ਤ ਕੇ ਯੇ ਜਜ਼ਬੇ ਨਹੀਂ ਦੇਖੇ ਕਹੀਂ ਹਮ ਨੇ।
ਹੈ ਦੇਖਨਾ ਇਕ ਬਾਤ, ਸੁਨੇ ਭੀ ਨਹੀਂ ਹਮ ਨੇ।੧੭।

ਗੋਬਿੰਦ ਕੇ 'ਦਿਲਦਾਰ' ਕਿਲੇ ਸੇ ਨਿਕਲ ਆਏ।
ਵੁਹ ਦੇਖੀਏ ਸਰਕਾਰ ਕਿਲੇ ਸੇ ਨਿਕਲ ਆਏ।
ਘੋੜੇ ਪੈ ਹੋ ਅਸਵਾਰ ਕਿਲੇ ਸੇ ਨਿਕਲ ਆਏ।
ਲੇ ਹਾਥ ਮੇਂ ਤਲਵਾਰ ਕਿਲੇ ਸੇ ਨਿਕਲ ਆਏ।
ਕਿਆ ਵਸਫ਼ ਹੋ ਉਸ ਤੇਗ ਕਾ ਇਸ ਤੇਗਿ ਜ਼ਬਾਂ ਸੇ।
ਵੁਹ ਮਿਆਂ ਸੇ ਨਿਕਲੀ ਨਹੀਂ ਨਿਕਲੀ ਯਿਹ'ਦਹਾਂ'ਸੇ।੭੮।

ਕਿਸ ਮੂੰਹ ਸੇ ਕਰੂੰ ਤੇਗਿ ਖ਼ਮਦਾਰ ਕੀ ਤਾਰੀਫ਼।
ਗੋਬਿੰਦ ਕੀ ਬਖਸ਼ੀ ਹੂਈ ਤਲਵਾਰ ਕੀ ਤਾਰੀਫ਼।
ਪਰਕਾਲਾਏ ਆਤਸ਼ ਕੀ 'ਸ਼ਰਰਬਾਰ' ਕੀ ਤਾਰੀਫ਼।
ਬਾਂਕੀ ਕੀ ਨੁਕੀਲੀ ਕੀ ਤਰਹਦਾਰ ਕੀ ਤਾਰੀਫ਼।
ਥੀ 'ਦੋਸ਼' ਪੈ ਸ਼ਮਸ਼ੀਰ ਯਾ ਕਾਂਧੋਂ ਪੈ ਪਰੀ ਥੀ।
ਥੀ ਤਿਸ਼ਨਾਇ-ਖ਼ੂੰ ਇਸ ਲੀਏ ਗੁੱਸੇ ਮੇਂ ਭਰੀ ਥੀ।੭੯।

ਅਜ਼ ਦੀਦਾਰਿ ਜੌਹਰ ਇਸੇ ਦੇਖਾ ਉਸੇ ਦੇਖਾ
ਕੁਛ ਦੇਰ ਬਰਾਬਰ ਇਸੇ ਦੇਖਾ ਉਸੇ ਦੇਖਾ
ਪਹਲੂ ਕੋ ਬਦਲ ਕਰ ਇਸੇ ਦੇਖਾ ਉਸੇ ਦੇਖਾ
ਸਦਕੇ ਹੂਈ ਸਰ ਪਰ ਇਸੇ ਦੇਖਾ ਉਸੇ ਦੇਖਾ
ਅਬ ਕਿਆ ਥਾ ਗਿਰੀ'ਬਰਕਿ ਬਲਾ'ਬਨਕੇ ਗਿਰੀ ਵੁਹ।
ਮੂੰਹ ਫਿਰ ਗਏ ਲਾਖੋਂ ਹੀ ਕੇ ਜਿਸ'ਸਿਮਤ'ਫਿਰੀ ਵੁਹ।

ਕਹਤੇ ਥੇ ਅਦੂ, 'ਬਰਕ' ਹੈ, ਤਲਵਾਰ ਨਹੀਂ ਹੈ
ਇਸ ਕਾਟ ਕਾ ਦੇਖਾ ਕਭੀ ਹਥਿਆਰ ਨਹੀਂ ਹੈ
'ਨੌ-ਮਸ਼ਕ' ਜਵਾਂ ਯਿਹ ਕੋਈ ਜ਼ਿਨਹਾਰ ਨਹੀਂ ਹੈ
ਸਤਿਗੁਰ ਹੈਂ ਯੇ ਫ਼ਰਜ਼ੰਦਿ ਵਫ਼ਾਦਾਰ ਨਹੀਂ ਹੈ
ਲਲਕਾਰੇ ਅਜੀਤ ਔਰ ਮੁਖ਼ਾਤਿਬ ਹੂਏ ਸਭ ਸੇ।
ਫ਼ੁਰਮਾਏ ਅਦੂ ਸੇ 'ਨ ਨਿਕਲ ਹੱਦਿ ਅਦਬ ਸੇ।'੮੧।

ਸਤਿਗੁਰ ਗੁਰ ਗੋਬਿੰਦ ਕੇ 'ਹਮਸਰ' ਨਹੀਂ ਹਮ ਹੈਂ
ਉਨਕੇ ਤੋ 'ਕਫ਼ੇ ਪਾਕ' ਕੇ ਬਰਾਬਰ ਨਹੀਂ ਹਮ ਹੈਂ
ਖ਼ਾਦਮ ਹੈਂ ਹਰ ਇਕ ਸਿੰਘ ਕੇ ਅਫਸਰ ਨਹੀਂ ਹਮ ਹੈਂ
ਜੋ ਤੁਮ ਹੋ ਸਮਝਤੇ ਵੁਹ ਮੁਕਰਰ ਨਹੀਂ ਹਮ ਹੈਂ
ਫਰਜ਼ੰਦ ਹੈਂ ਦਿਲਬੰਦ ਹੈਂ 'ਹਮਸਰ' ਤੋ ਨਹੀਂ ਹੈਂ।
ਹਮ ਕਲਗੀਓਂ ਵਾਲੇ ਕੇ ਬਰਾਬਰ ਤੋ ਨਹੀਂ ਹੈਂ।੮੨।

ਉਸ ਹਾਥ ਮੇਂ ਥੇ ਬਾਜ਼ੂਏ ਗੋਬਿੰਦ ਕੇ ਕਸ ਬਲ
ਫਰਜ਼ੰਦ ਕੀ ਤਲਵਾਰ ਸੇ ਥਰਰਾ ਗਏ ਜਲ ਥਲ
ਜ਼ਿੰਦੋਂ ਕਾ ਤੋ ਕਿਆ ਜ਼ਿਕਰ ਹੈ ਮੁਰਦੇ ਹੂਏ ਬੇਕਲ
ਸ਼ਮਸ਼ਾਨ ਮੇਂ ਥਾ ਸ਼ੋਰ ਮਜ਼ਾਰੋਂ ਮੇਂ ਥੀ ਹਲ ਚਲ
ਜਮਨਾ ਕੇ ਭੀ ਪਾਨੀ ਮੇਂ 'ਤਲਾਤਮ' ਸਾ ਬਪਾ ਥਾ।
ਗੰਗਾ ਕੇ ਭੀ ਜ਼ੱਰੋਂ ਮੇਂ ਅਜਬ ਜੋਸ਼ ਭਰਾ ਥਾ।੮੩।

ਦੇਵ ਲੋਕ ਕੇ ਸਭ ਦੇਵਤੇ 'ਫ਼ਿਰਦੌਸ' ਸੇ ਝਾਂਕੇ
ਰੁਸਤਮ ਸੇ ਜਵਾਂ ਭੀਮ ਸੇ ਯਲ ਨਲ ਸੇ ਬਾਂਕੇ
ਹੈਰਾਂ ਥੇ ਹੁਨਰ ਸੇ ਪਿਸਰਿ ਪੀਰਿ ਯਿਆਂ ਕੇ
ਆਕਾਸ਼ ਕੀ ਮਖ਼ਲੂਕ ਕੋ ਖ਼ਤਰੇ ਹੂਏ ਜਾਂ ਕੇ
ਤਲਵਾਰ ਵੁਹ ਖ਼ੂੰਖ਼ਾਰ ਥੀ ਤੌਬਾ ਹੀ ਭਲੀ ਹੈ।
ਲਾਖੋਂ ਕੀ ਹੀ ਜਾਂ ਲੇ ਕੇ ਬਲਾ ਸਰ ਸੇ ਟਲੀ ਹੈ।੮੪।



www.AKJ.Org

ਪਲਟਨ ਪੈ ਗਿਰੀ ਕਾਟ ਦੀਆ ਪਲ ਮੇਂ ਰਸਾਲਾ
ਸਰ ਉਸਕਾ ਉਛਾਲਾ ਕਭੀ ਧੜ ਉਸਕਾ ਉਛਾਲਾ
ਲਾਸ਼ੋਂ ਸੇ ਵੁਹ ਜਾ ਪਟ ਗਈ ਸਾਯਾ ਜਹਾਂ ਡਾਲਾ
ਥਾ ਖੈਂਚ ਲੀਆ ਡਰ ਸੇ 'ਮਾਹੋ ਮਹਰ' ਨੇ ਹਾਲਾ
ਤੋਂਦਲ ਫਲਕੇ ਪੀਰ ਖੜਾ ਹਾਂਪ ਰਹਾ ਥਾ।
'ਮਰੀਖ਼' ਕੋ ਲਰਜ਼ਾ ਥਾ 'ਜ਼ੁਹਲ' ਕਾਂਪ ਰਹਾ ਥਾ।੮੫।

ਦਹਿਸ਼ਤ ਸੇ ਸਭੀ ਬੁਰਜ ਸਤਾਰੋਂ ਮੇਂ ਘੁਸੇ ਥੇ।
ਅਕਰਬੁ ਅਸਦੋ ਸੂਰ 'ਹਿਸਾਰੋਂ' ਮੇਂ ਘੁਸੇ ਥੇ।
ਯਿਹ ਹੋਸ਼ ਥੇ ਗੁਮ ਅਜ਼ਦਹੇ ਗ਼ਾਰੋਂ ਮੇਂ ਘੁਸੇ ਥੇ।
ਸ਼ੇਰੋਂ ਮੇਂ ਹਰਨ 'ਸ਼ੇਰ' 'ਚਕਾਰੋਂ' ਮੇਂ ਘੁਸੇ ਥੇ।
ਯਿਹ ਇਸਕੋ ਦਿਖਾ ਔਰ ਨ ਵੁਹ ਉਸਕੋ ਨਜ਼ਰ ਆਯਾ।
ਛੁਪਨੇ ਕੇ ਲੀਏ ਭੇੜੀਆ ਭੇੜੋਂ ਮੇਂ ਦਰ ਆਯਾ।੮੬।

ਯਿਹ ਆਈ ਵੁਹ ਪਹੁੰਚੀ ਵੁਹ ਗਈ 'ਸਨ' ਸੇ ਨਿਕਲ ਕਰ।
ਜਬ ਬੈਠ ਗਈ ਸਰ ਪਿ ਉਠੀ ਤਨ ਸੇ ਨਿਕਲ ਕਰ।
ਦੋ ਕਰ ਗਈ ਚਾਰ ਆਈਨਾ ਜ਼ੋਸ਼ਨ ਸੇ ਨਿਕਲ ਕਰ।
ਤਰਾਰੀ ਮੇਂ ਤੇਜ਼ੀ ਮੇਂ ਥੀ ਨਾਗਨਿ ਸੀ ਨਿਕਲ ਕਰ।
ਦੁਸ਼ਮਨ ਕੋ ਲੀਆ ਮਰਕਬਿ ਦੁਸ਼ਮਨ ਭੀ ਨਾ ਛੋੜਾ।
ਅਸਵਾਰ ਕੋ ਦੋ ਕਰ ਗਈ ਤੋ ਸਨ ਭੀ ਨਾ ਛੋੜਾ।੮੭।

ਤਲਵਾਰ ਸੀ ਤਲਵਾਰ ਥੀ ਕਿਆ ਜਾਨੀਏ ਕਿਆ ਥੀ।
ਖ਼ੂੰਖ਼ਾਰ ਥੀ ਖ਼ੂੰਬਾਰ ਥੀ ਆਫ਼ਤ ਥੀ ਬਲਾ ਥੀ।
ਥੀ ਆਬ ਯਾ ਫੌਲਾਦ ਪੈ ਬਿਜਲੀ ਕੀ 'ਜਲਾ' ਥੀ।
ਯ਼ਮਰਾਜ ਕੀ ਅੰਮਾ ਥੀ ਵੁਹ ਹਮਸ਼ੀਰਾਇ 'ਕਜ਼ਾ' ਥੀ।
ਅਰਦਲ ਮੇਂ ਬਿਚਾਰੇ ਮਲਕੁਲ ਮੌਤ ਖੜੇ ਥੇ।
ਅਪਨੇ ਸ਼ੁਗਲਿ-ਖ਼ਾਸ ਮੇਂ ਮਸ਼ਗ਼ੂਲ ਬੜੇ ਥੇ।੮੮।

ਘੋੜਾ ਵੁਹ 'ਸੁਬਕ ਸੀਅਰ' ਬਦਲ ਜਿਸਕਾ ਨਹੀਂ ਥਾ।
ਦੇਖਾ ਤੋ ਕਹਾਂ ਥਾ ਅਭੀ ਦੇਖਾ ਤੋ ਕਹੀਂ ਥਾ।
ਮਹਿਫ਼ੂਜ਼ ਕੋਈ ਇਸ ਸੇ ਮਕਾਂ ਥਾ ਨ ਮਕੀਂ ਥਾ।
ਬਾਲਾਏ ਫ਼ਲਕ ਥਾ ਵੁਹ ਕਭੀ ਜ਼ੇਰਿ ਜ਼ਿਮੀਂ ਥਾ।
ਥੀ ਟਾਪ ਕੀ ਆਵਾਜ਼ ਯਾ ਸੈਲਏ ਸਬਾ ਥੀ।
ਗੁੰਚੇ ਕੇ ਚਟਖ਼ਨੇ ਕੀ ਸਦਾ, ਉਸ ਸੇ 'ਸਿਵਾ' ਥੀ।੮੯।

ਇਸ ਕੋ ਕੁਚਲ ਆਇਆ ਕਭੀ ਉਸਕੋ ਕੁਚਲ ਆਇਆ।
ਸਦਹਾ ਕੀ ਲਕਦ ਕੋਬੀ ਸੇ 'ਹੱਯਤ' ਬਦਲ ਆਇਆ।
ਠੋਕਰ ਜਹਾਂ ਮਾਰੀ ਵਹਾਂ ਪਾਨੀ ਨਿਕਲ ਆਇਆ।
ਸ਼ੇਰ ਆ ਗਿਆ ਗਰ ਸਾਹਮਨੇ ਬੋਲਾ, ਸੰਭਲ ਆਇਆ।
ਤੇਜ਼ੀ ਮੇਂ ਹਵਾ ਕੇ ਭੀ ਥਾ ਵੁਹ ਕਾਨ ਕੁਤਰਤਾ।
ਥਾ ਸੁਮ ਸੇ ਕਭੀ ਫੂਲ ਕਭੀ ਪਾਨ ਕੁਤਰਤਾ।੯੦।

ਕਹਤੇ ਥੇ ਸਭੀ 'ਅਸਪ' ਨਹੀਂ ਹੈ ਯਿਹ ਛਲਾਵਾ।
ਤਾਕਤ ਭੀ ਬਲਾ ਕੀ ਹੈ ਨਜ਼ਾਕਤ ਕੇ ਅਲਾਵਾ।
ਕਰਤੇ ਥੇ ਨਜ਼ਰ ਬਾਜ਼ ਉਸੇ ਦੇਖਕੇ ਦਾਅਵਾ।
ਐਸਾ ਨ ਕਦਮ ਹੀ ਹੈ ਕਿਸੀ ਕਾ ਨਾ 'ਕਾਵਾ'।
ਪੁੱਠਾ ਹੈ ਅਲਗ ਇਸ ਕੀ ਕਨੌਤੀ ਹੀ ਜੁਦਾ ਹੈ।
'ਸੀਮਾਬ' ਲਹੂ ਕੀ ਜਗਹ ਰਗ ਰਗ ਮੇਂ ਭਰਾ ਹੈ।੯੧।

ਤਾਊਸ' ਸੀ ਦੁਮ ਚਾਂਦ ਸੇ 'ਸੁਮ ਮਾਰ' ਕੀ ਸੂਰਤ।
ਬੇਪਰ ਹੈ ਮਗਰ ਉੜਤਾ ਹੈ 'ਪਰਦਾਰ' ਕੀ ਸੂਰਤ
'ਕਸ' ਸ਼ੇਰ ਕੀ ਬਲ ਫੀਲ ਕਾ ਰਹਿਵਾਰ ਕੀ ਸੂਰਤ
ਫਿਰਤਾ ਹੈ ਇਸ਼ਾਰੇ ਸੇ ਹੀ ਪਰਕਾਰ ਕੀ ਸੂਰਤ
ਜਿਸ ਸਿਮਤ ਗਿਆ ਰਨ ਕਾ ਯਿਹ ਨਕਸ਼ਾ ਬਦਲ ਆਯਾ।
ਪਲਟਨ ਪਲਟ ਆਯਾ ਯਿਹ ਰਸਾਲਾ ਕੁਚਲ ਆਯਾ।੯੨।

ਪਕੜਾ ਜਿਸੇ ਗਰਦਨ ਸੇ ਯਿਹ ਪੂਰਾ ਉਸੇ ਕਰਦੇ
ਹੋ ਕਾਮਿਲਿ ਫ਼ਨ ਭੀ ਤੋ ਅਧੂਰਾ ਉਸੇ ਕਰਦੇ
ਪੈਰੋਂ ਮੇਂ ਤੁਫ਼ੰਗ ਆਏ ਤੋਂ ਬੂਰਾ ਉਸੇ ਕਰਦੇ
ਜਿਸ ਤੋਪ ਪੈ ਦੇ ਟਾਪ ਯਿਹ ਚੂਰਾ ਉਸੇ ਕਰਦੇ
ਜੀ ਮੇਂ ਕਦਰ-ਅੰਦਾਜ਼ ਡਰੇ 'ਓਪਚੀ' ਭਾਗੇ।
ਤੋਪੋਂ ਕੋ ਗ਼ਰਜ਼ ਛੋੜਕੇ ਸਭ ਤੋਪਚੀ ਭਾਗੇ।੯੩।

ਸ਼ਹਿਜ਼ਾਦਾਇ 'ਜ਼ੀ ਜਾਹ' ਨੇ ਭਾਗੜ ਥੀ ਮਚਾਦੀ
ਯਿਹ ਫੌਜ ਭਗਾ ਦੀ ਕਭੀ ਵੁਹ ਫੌਜ ਭਗਾ ਦੀ
ਬੜ੍ਹ ਚੜ੍ਹਕੇ ਤਵੱਕੋ ਸੇ 'ਸ਼ੁਜਾਇਤ' ਜੋ ਦਿਖਾਈ
ਸਤਿਗੁਰ ਨੇ ਵਹੀਂ ਕਿਲਾ ਸੇ ਬੇਟੇ ਕੋ 'ਨਦਾ' ਦੀ
'ਸ਼ਾਬਾਸ਼' ਪਿਸਰ ! ਖ਼ੂਬ ਦਲੇਰੀ ਸੇ ਲੜੇ ਹੋ।
ਹਾਂ, ਕਿਉਂ ਨ ਹੋ ਗੋਬਿੰਦ ਕੇ ਫਰਜ਼ੰਦ ਬੜੇ ਹੋ।'੯੪।



www.AKJ.Org

ਦਿਲ-ਬੰਦ ਨੇ ਤਲਵਾਰ ਸੇ ਤਸਲੀਮ ਬਜਾਈ
ਗਰਦਨ ਪਇ ਅਦਾਬ ਦਿਲਾਵਰ ਨੇ ਝੁਕਾਈ
ਇਸ ਵਕਫ਼ਾ ਮੇਂ ਫੌਜਿ 'ਸਿਤਮ-ਆਰਾ' ਉਮਡ ਆਈ
ਬਰਛੀ ਕਿਸੀ ਬਦਬਖ਼ਤ ਨੇ ਪੀਛੇ ਸੇ ਲਗਾਈ
ਤਿਉਰਾ ਕੇ ਗਿਰੇ ਜ਼ੀਨ ਸੇ ਸਰਕਾਰ ਜ਼ਿਮੀਂ ਪਰ।
ਰੂਹ 'ਖ਼ੁਲਦ' ਗਈ ਔਰ ਤਨਿ-ਜ਼ਾਰ ਜ਼ਿਮੀਂ ਪਰ।੯੫।

ਜਬ ਫ਼ਤੇ ਗਜਾ ਕਰ ਗਏ ਜੁਝਾਰ ਥੇ ਤਨ ਮੇਂ
ਹਰ ਸ਼ੇਰ ਬਘੇਲਾ ਨਜ਼ਰ ਆਨੇ ਲਗਾ ਬਨ ਮੇਂ
ਨੰਨੀ ਸੀ 'ਕਜ਼ਾ' ਬੋਲੀ, ਮੈਂ ਆਈ ਹੂੰ ਸ਼ਰਨ ਮੇਂ
ਦਿਲਵਾਉ 'ਅਮਾਂ' ਗੋਸ਼ਾਇ ਦਾਮਾਨੇ ਕਫਨ ਮੇਂ
ਮੈਂ ਜਿਸਕੇ ਹੂੰ ਕਬਜ਼ੇ ਮੇਂ ਵੁਹ ਕਾਬੂ ਮੇਂ ਹੈ ਮੇਰੇ।
ਗੁਰਿਆਈ ਕਾ ਬਲ ਨੰਨ੍ਹੇ ਸੇ ਬਾਜ਼ੂ ਮੇਂ ਹੈ ਤੇਰੇ।੧੦੯।

ਦਸ ਬੀਸ ਕੋ ਜ਼ਖਮੀ ਕੀਆ ਦਸ ਬੀਸ ਕੋ ਮਾਰਾ
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ
'ਖ਼ੱਨਾਸ' ਕੋ ਮਾਰਾ ਕਭੀ 'ਇਬਲੀਸ' ਕੋ ਮਾਰਾ
ਗੁਲ ਮਚ ਗਿਆ ਇਕ 'ਤਿਫ਼ਲ' ਨੇ ਚਾਲੀਸ ਕੋ ਮਾਰਾ
'ਬਚ ਬਚ ਕੇ ਲੜੋ ਕਲਗੀਓਂ ਵਾਲੇ ਕੇ ਪਿਸਰ ਸੇ।
ਯਿਹ 'ਨੀਮਚਾ' ਲਾਏ ਹੈਂ ਗੁਰੂ ਜੀ ਕੀ ਕਮਰ ਸੇ'।੧੧੦।

ਸ਼ਹਿਜ਼ਾਦੇ ਕੇ ਹਰਬੇ ਸੇ 'ਸ਼ੁਜਾ ਓ ਜਰੀ' ਹਾਰੇ
ਜ਼ੀ ਦਾਰੋਂ ਕੇ ਜ਼ੀ ਛੁਟ ਗਏ ਸਭ 'ਕਵੀ' ਹਾਰੇ
ਮਾਸੂਮ ਸੇ ਬਾਜ਼ੀ ਵੁਹ ਸਭੀ ਲਸ਼ਕਰੀ ਹਾਰੇ
ਕਮਜ਼ੋਰ ਸੇ ਨਿਰਬਲ ਸੇ ਹਜ਼ਾਰੋਂ ਬਲੀ ਹਾਰੇ
ਮੈਦਾਂ ਮੇਂ ਜਬ ਭਾਈ ਕਾ ਲਾਸ਼ਾ ਨਜ਼ਰ ਆਇਆ।
ਘੋੜੇ ਸੇ ਵੁਹ ਮਾਸੂਮ 'ਦਿਲਾਵਰ' ਉਤਰ ਆਇਆ।

ਸਰ ਗੋਦ ਮੇਂ ਲੇ ਕਰ ਕਹਾ ਭਾਈ ਸੇ, 'ਬੋਲੋ
ਇਸ 'ਖ਼ਾਬੇ-ਗਿਰਾਂ' ਸੇ ਕਹੀਂ ਹੁਸ਼ਿਆਰ ਤੋ ਹੋ ਲੋ
ਹਮ ਕੌਨ ਹੈਂ ਦੇਖੋ ਤੋ ਜ਼ਰਾ ਆਂਖ ਤੋ ਖੋਲ੍ਹੋ
ਸੋਨੇ ਕੀ ਠਾਨੀ ਹੈ ਅਗਰ ਮਿਲ ਕੇ ਤੋ ਸੋ ਲੋ
ਭਾਈ ਤੁਮਹੇਂ ਜਬ 'ਗੰਜਿ ਸ਼ਹੀਦਾਂ' ਕੀ ਜ਼ਿਮੀਂ ਹੈ।
ਠਾਨੀ ਹੂਈ ਹਮ ਨੇ ਭੀ ਬਸੇਰੇ ਕੀ ਯਹੀਂ ਹੈ।'੧੧੨।

ਇਤਨੇ ਮੇਂ 'ਖਦੰਗ' ਆ ਕੇ ਲਗਾ ਹਾਇ ਜਿਗਰ ਮੇਂ
ਥਾ ਤੀਰ ਕਲੇਜੇ ਮੇਂ ਯਾ ਕਾਂਟਾ ਗੁਲਿ ਤਰ ਮੇਂ
'ਤਾਰੀਕ' ਜ਼ਮਾਨਾ ਹੂਆ ਸਤਿਗੁਰ ਕੀ ਨਜ਼ਰ ਮੇਂ
ਤੂਫਾਨ ਉਠਾ, ਖਾਕ ਉੜੀ, 'ਬਹਰ' ਮੇਂ 'ਬਰ' ਮੇਂ
ਤਿਉਰਾਕੇ ਗਿਰਾ ਲਖ਼ਤਿ ਜਿਗਰ ਲਖ਼ਤਿ ਜਿਗਰ ਪਰ।
ਕਿਆ ਗੁਜ਼ਰੀ ਹੈ ਇਸ ਵਕਤ ਕਹੂੰ ਕਿਆ ਮੈਂ ਪਿਦਰ ਪਰ।

## ਖ਼ਾਸ ਖ਼ਾਸ ਲਫ਼ਜ਼ਾਂ ਦੇ ਅਰਥ—

**ਬੰਦ ਨੰਬਰ ੭**—ਹੁਮਹੁਮਾ = ਚੜ੍ਹਤ। ਜ਼ਲਜ਼ਲਾ = ਭੁਚਾਲ। ਸਕਤੇ = ਸੁੰਨ-ਮੁੰਨ। ਸਾਕਿਨ = ਅਹਿੱਲ। **੮**—ਇਸਤਾਦਹ = ਖੜੇ। ਜਰੀ = ਜੋਧਾ। ਮੁਯੱਸਰ = ਪ੍ਰਾਪਤ। **੯**—ਜ਼ੀਂ-ਪੋਸ਼ = ਘੋੜੇ ਦਾ ਜ਼ੀਨ। ਸ਼ਬ-ਬਾਸ਼ = ਰਾਤ੍ਰੀ-ਬਿਸਰਾਮ। **੧੦**—ਜ਼ਿਕਰਿ ਖ਼ੁਦਾ = ਰੱਬੀ ਯਾਦ। ਖ਼ੈਮੇ = ਤੰਬੂ। ਦੁਆ = ਅਰਦਾਸ। ਰੂਬਰੂ = ਸਨਮੁਖ। **੧੧**—ਜੁਜ਼ = ਬਗੈਰ। ਸ਼ਾਹਿ-ਨਸ਼ੀਂ = ਸ਼ਾਹੀ ਸਿੰਘਾਸਨ। **੧੨**—ਲਸ਼ਕਰਿ ਖ਼ੁਫ਼ਤਾ = ਸੁੱਤੀ ਹੋਈ ਫ਼ੌਜ। ਕਰੀਂ = ਨੇੜੇ। **੧੩**—ਜਬੀਂ = ਮਸਤਕ। ਬਾਲਿਸ਼ਿ ਜ਼ੀਂ = ਕਾਠੀ ਦੇ ਤਕੀਏ। ਅਸਯਾਰ = ਪਰ-ਸੁਆਰਥ। ਜ਼ਿਨਹਾਰ = ਹਰਗਿਜ਼। **੧੪**—ਰਿਆ = ਦਿਖਾਵਾ। ਮਾ-ਓ-ਸ਼ੁਮਾ ਸੇ = ਅਸਾਂ ਤੁਸਾਂ ਤੋਂ। **੧੫**—ਹਲਕੂਮ = ਗਲ। ਦਹਨ = ਮੁਖ। ਪਾਇਤੀ = ਪੈਂਦ ਵਲ। **੭੮**—ਦਿਲਦਾਰ = ਪਿਆਰੇ। ਦਹਾਂ = ਮੂੰਹ। **੭੯**—ਸ਼ਰਰਬਾਰ = ਅੱਗ-ਵਰਸਾਊ। ਦੋਸ਼ = ਮੋਢਾ। **੮੦**—ਬਰਕਿ ਬਲਾ = ਬਿਜਲੀ ਦੀ ਬਲਾ। ਸਿਮਤ = ਪਾਸੇ। **੮੧**—ਅਦੂ = ਦੁਸ਼ਮਨ। ਬਰਕ = ਬਿਜਲੀ। ਨੋ-ਮਸ਼ਕ = ਸਿਖਾਂਦਰੂ। **੮੨**—ਹਮਸਰ = ਸਮਾਨ। ਕਫ਼ੇ ਪਾਕ = ਪਾਤਲੀ। **੮੩**—ਤੌਲਾਤਮ = ਹੜ੍ਹ। **੮੪**—ਫ਼ਿਰਦੋਸ = ਸੁਰਗ। **੮੫**—ਮਾਹੋ ਮਹਰ = ਚੰਦ ਤੇ ਸੂਰਜ। ਮਰੀਖ਼ = ਮੰਗਲ। ਜ਼ੁਹਲ = ਸ਼ਨੀ। **੮੬**—ਹਿਸਾਰੋਂ = ਕਿਲ੍ਹੇ। ਚਕਾਰੋਂ = ਬਾਰਾਂ ਸਿੰਗੇ। **੮੭**—ਸਨ = ਸੰਜੋਅ। **੮੮**—ਜਲਾ = ਚਮਕ। ਕਜ਼ਾ = ਮੌਤ। **੮੯**—ਸੁਬਕ ਸੀਅਰ = ਤੇਜ਼ ਚਾਲ। **੯੦**—ਹੱਯਤ = ਰੂਪ। **੯੧**—ਅਸਪ = ਘੋੜਾ। ਕਾਵਾ = ਟਾਪ। ਸੀਮਾਬ = ਪਾਰਾ। **੯੨**—ਤਾਊਸ = ਮੋਰ। ਸੁਮ ਮਾਰ = ਸੱਪ। ਪਰਦਾਰ = ਪੰਛੀ। ਕਸ = ਪਕੜ। **੯੩**—ਓਪਚੀ = ਸੂਰਮੇ। **੯੪**—ਜ਼ੀ ਜਾਹ = ਪ੍ਰਤਾਪੀ। ਸ਼ੁਜਾਇਤ = ਦਲੇਰੀ। ਨਦਾ = ਆਵਾਜ਼। ਪਿਸਰ = ਪੁਤਰ। **੯੫**—ਸਿਤਮ-ਆਰਾ = ਜਾਬਰ। ਖ਼ੁਲਦ = ਸੁਰਗ। **੧੦੯**—ਕਜ਼ਾ = ਮੌਤ। ਅਮਾਂ = ਪਨਾਹ। **੧੧੦**—ਖ਼ੱਨਾਸ = ਦੇਉ। ਇਬਲੀਸ = ਸ਼ੈਤਾਨ। ਤਿਫ਼ਲ = ਬਾਲਕ। ਨੀਮਚਾ = ਨਿੱਕਾ ਤੇਗ਼ਾ। **੧੧੧**—ਸ਼ੁਜਾ ਓ ਜਰੀ = ਜੋਧੇ ਵਰਿਆਮ। ਕਵੀ = ਬਲੀ। ਦਿਲਾਵਰ = ਬਹਾਦਰ। **੧੧੨**—ਖ਼ਾਬੇ ਗਿਰਾਂ = ਗੂੜ੍ਹੀ ਨੀਂਦ। **੧੧੩**—ਖਦੰਗ = ਤੀਰ। ਤਾਰੀਕ = ਅੰਧੇਰਾ। ਬਹਰ = ਜਲ। ਬਰ = ਥਲ।

www.AKJ.Org

# ਹਰਿ-ਕੀਰਤਨ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਵਡਭਾਗੀ ਹਰਿ ਕੀਰਤਨੁ ਗਾਈਐ ॥ ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ਰਹਾਉ॥ (੪॥੮੪)

ਗਉੜੀ ਮ: ੫, ਪੰਨਾ ੧੯੬

## ਹਰਿ ਕੀਰਤਨ ਕੀ ਹੈ ?

ਹਰਿ-ਕੀਰਤਨ ਗਾਵਨ ਦੀ ਐਸੀ ਅਮੋਲਕ ਦਾਤਿ ਹੈ ਜੋ ਕੇਵਲ ਤਿਨ੍ਹਾਂ ਵਡਭਾਗੀ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਆਪਿ ਤੁਠ ਕੇ ਗੁਰੂ ਕਰਤਾਰ ਦੇਵੇ। ਸਤਿਗੁਰ ਨਾਨਕ ਸੱਚਾ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ ਤੇ ਤੁੱਠਾ ਤਾਂ ਇਹ ਰੱਬੀ ਦਾਤਿ ਕੀਰਤਨ ਦੀ ਅਸਾਂ ਨੂੰ ਪ੍ਰਾਪਤ ਹੋਈ। ਪਰ ਅਸਾਥੋਂ ਇਹ ਸਮ੍ਹਾਲੀ ਨਾ ਗਈ।

ਹਰਿ ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਖੇ ਆਣ ਕੇ ਪ੍ਰਵੇਸ਼ ਹੋਈ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ 'ਗੁਰਬਾਣੀ' ਅਰਥਾਤ ਧੁਰ ਦੀ ਬਾਣੀ ਹੈ। ਤਾਂ ਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ-ਕੀਰਤਨ ਹੈ। ਗੁਰੂ ਸਾਹਿਬਾਨ ਦੁਆਰਾ ਧੁਰੋਂ ਅਵਤਰੀ ਬਾਣੀ, ਅਮੋਘ ਬਾਣ ਮਈ ਅੰਮ੍ਰਿਤ ਬਾਣੀ ਹੈ, ਜਿਸ ਦੇ ਗਾਵਣ ਸੁਣਨ ਕਰਿ ਹੀ ਗਾਵਣ ਸੁਣਨਹਾਰੇ ਪ੍ਰੇਮੀ ਜਨਾਂ ਦੀਆਂ ਬਿਰਤੀਆਂ ਉਪਰ ਪਾਰਸ-ਕਲਾ ਵਰਤ ਜਾਂਦੀ ਹੈ। ਤਾਂ ਤੇ ਗੁਰਬਾਣੀ ਦਾ ਕੀਰਤਨ ਹੀ ਹਰਿ-ਕੀਰਤਨ ਹੈ। ਯਥਾ ਗੁਰਵਾਕ—

ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥
ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥(੪॥੧੬॥੨੭)

ਸੋਰਠਿ ਮ: ੫, ਪੰਨਾ ੬੧੬

ਤਥਾ—ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥
ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ ॥੨॥੧੮॥੮੨॥

ਸੋਰਠਿ ਮ: ੫, ਪੰਨਾ ੬੨੯

ਪੁਨਾ— ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ
ਹਰਿ ਕੀਰਤਿ ਹਰਿ ਮਨਿ ਧਾਰੇ ਰਾਮ...੧॥ (੪॥੩)

ਬਿਹਾਗੜਾ ਮ: ੪, ਪੰਨਾ ੫੩੯

ਤਥਾ—ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ..੨॥(੪॥੪)

ਬਿਹਾਗੜਾ ਮ: ੪, ਪੰਨਾ ੫੪੦

## ਹਰਿ-ਕੀਰਤਨ ਦਾ ਅਸਰ ਤੇ ਫਲ—

ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। **ਗੁਰਬਾਣੀ ਦਾ ਪਾਠ ਮਾਤਰ ਭੀ ਪਾਰਸ ਰੂਪੀ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ।** ਅਸੀਂ ਇਸ ਪਾਰਸ ਨੂੰ ਛਿੰਨ ਭੰਗਰ ਮਾਤਰ ਹੀ ਪਰਸਦੇ ਹਾਂ। ਗੁਰਬਾਣੀ ਦੇ ਪਾਠ ਅਤੇ ਕੀਰਤਨ ਨਮਿਤ ਦਿਨ ਰਾਤ ਵਿਚੋਂ ਸਮੇਂ ਦਾ ਦਸੌਂਧ (ਦਸਵਾਂ ਹਿੱਸਾ) ਭੀ ਅਰਪਨ ਨਹੀਂ ਕਰਦੇ। ਓਹ ਭੀ ਜੋ ਛਿੰਨ ਭੰਗਰੀ ਸਮਾਂ ਇਤ ਵਲ ਅਰਪਨ ਕਰਦੇ ਹਾਂ ਸੋ ਬਧੇ ਚੱਟੀ ਹੀ ਭਰਦੇ ਹਾਂ। ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ :—

'ਸੂਰਾ' ਅੰਮ੍ਰਿਤਸਰ, ਦਸੰਬਰ ੧੯੮੫/੯

www.AKJ.Org

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੯॥

ਗੌੜੀ ਮਾਲਵਾ ਮ: ੫, ਪੰਨਾ ੨੧੪

ਰੂਪੀ ਗੁਰਵਾਕ ਉਤੇ ਸੱਚੇ ਸਿੱਖਾਂ ਵਾਲੀ ਸ਼ਰਧਾ-ਭਾਉ ਭਾਵਨੀ ਹੈ, ਓਹ ਕੀਰਤਨ ਨੂੰ ਉਧਾਰ ਦਾ ਮੀਆਰ ਸਮਝ ਕੇ ਕਰਦੇ ਹਨ। ਉਧਾਰ ਹਿਤ ਕੀਰਤਨ ਕਰਨਹਾਰਿਆਂ ਨੂੰ ਕੀਰਤਨ ਇਕ ਆਧਾਰ ਅਤੇ ਅਹਾਰ ਰੂਪ ਹੋ ਜਾਂਦਾ ਹੈ। ਓਥੇ ਕੀਰਤਨ ਨਮਿਤ ਸਮੇਂ ਦੀ ਥੁੜੋਂ ਵਾਲੀ ਬੰਧਨਾ ਨਹੀਂ। ਬੰਧਨ ਓਥੇ ਸਭ ਟੁਟ ਜਾਂਦੇ ਹਨ। ਕਲਿਆਨ-ਅਭਿਲਾਖੀਆਂ ਦੀ ਮੁਖ ਕਾਰ ਹੀ ਕੀਰਤਨ ਬਣ ਆਉਂਦੀ ਹੈ। ਓਹ ਖੁਸ਼ੀ ਸੇਤੀ ਇਸ ਕੀਰਤਨ ਰੂਪੀ ਕਾਰ ਨੂੰ ਸਮ੍ਹਾਰਦੇ ਹਨ, ਬਧੇ ਚੱਟੀ ਨਹੀਂ ਭਰਦੇ।

ਗੁਰਬਾਣੀ ਦੇ ਰੱਬੀ ਕੀਰਤਨ ਵਿਚਿ ਅਕਹਿ ਰਸ ਹੈ। ਜਿਉਂ ਜਿਉਂ ਕੀਰਤਨ-ਕਮਾਈ ਵਧਦੀ ਹੈ, ਤਿਉਂ ਤਿਉਂ ਕੀਰਤਨ-ਕਲਾ-ਰਸ ਦਾ ਵਿਗਾਸ ਭੀ ਵਧਦਾ ਜਾਂਦਾ ਹੈ। ਉਹ ਕੀਰਤਨ ਕਰਦੇ ਅਕਦੇ ਥਕਦੇ ਹੀ ਨਹੀਂ। ਅੱਠੇ ਪਹਿਰ ਦਿਨ ਰਾਤ ਭੀ ਜੇ ਉਹ ਕੀਰਤਨ ਕਰਦੇ ਰਹਿਣ ਤਾਂ ਵੀ ਠਲ੍ਹ ਨਹੀਂ ਪੈਂਦੀ। ਕੀਰਤਨ-ਪਾਰਸ-ਰਸ-ਵਿਗਾਸ ਉਹਨਾਂ ਤੋਂ ਆਪੋਂ ਹੀ ਕੀਰਤਨ ਕਰਾਉਂਦਾ ਹੈ। ਉਹਨਾਂ ਨੂੰ ਕੀਰਤਨ ਦਾ ਰੱਜ ਹੀ ਨਹੀਂ ਆਉਂਦਾ। ਕੀਰਤਨ-ਅਹਾਰੀਆਂ ਦਾ ਅਹਾਰ ਹੀ ਜੁ ਕੀਰਤਨ ਹੋਇਆ। ਗੁਰਬਾਣੀ ਦਾ ਇਲਾਹੀ ਕੀਰਤਨ ਦਿਲ ਦਿਮਾਗ ਵਿਖੇ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਕੀਰਤਨ ਦਾ ਰਸੀਆ ਇਸ ਰਸ-ਵਿਗਾਸ ਪ੍ਰਾਇਣ ਹੋ ਕੇ ਹੀ ਇਸ ਬਿਧਿ ਕੀਰਤਨ-ਵਲਵਲੇ ਆਪਣੇ ਅੰਤਰਿ ਉਪਜੇ ਹਰਦਮ ਮਹਿਸੂਸ ਕਰਦਾ ਰਹਿੰਦਾ ਹੈ। ਯਥਾ ਗੁਰਵਾਕ:—

ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ਰਹਾਉ॥
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥

(੨॥੧੪॥੬੬) ਆਸਾਵਰੀ ਮ: ੪, ਪੰਨਾ ੩੬੯

ਤਥਾ—ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧॥ਰਹਾਉ॥

(੭॥੭੧) ਬਿਲਾਵਲੁ ਮ: ੫, ਪੰਨਾ ੮੧੮

ਪੁਨਾ—ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ...॥੫॥(੮॥੧॥੪)

ਬਿਲਾਵਲੁ ਮ: ੪ ਅਸਟ:, ਪੰਨਾ ੮੩੩

ਤਾਹੀਂ ਤੇ ਕੀਰਤਨ ਦੇ ਰਸੀਏ ਗੁਰਮੁਖ ਸੰਤ ਸਿਖ ਭਗਤ ਜਨਾਂ ਦੇ ਸਤਿਸੰਗ-ਮੰਡਲ ਵਿਖੇ ਅਠੋ ਪਹਿਰ ਕੀਰਤਨ ਦਾ ਹੀ ਪ੍ਰਵਾਹ ਚਲਿਆ ਰਹਿੰਦਾ ਹੈ। ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ :—

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ਰਹਾਉ॥(੨॥੪॥੮੯)

ਬਿਲਾਵਲੁ ਮ: ੫, ਪੰਨਾ ੮੨੦

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥

ਗਉੜੀ ਮ: ੫, ਪੰਨਾ ੨੩੬

ਪੂਰੇ ਸਤਿਗੁਰੂ ਦੇ ਸਚਿਆਰ ਸਿਖ ਦਾ ਅਹਾਰ (ਭੋਜਨ ਚੂਰਾ) ਹੀ ਅਖੰਡ ਕੀਰਤਨ ਹੈ।

**ਕੱਚੀ ਬਾਣੀ ਦਾ ਗਾਉਣਾ ਹਰਿ-ਕੀਰਤਨ ਨਹੀਂ—**

ਗੁਰੂ ਘਰ ਵਿਖੇ ਗੁਰਮਤਿ ਅਨੁਸਾਰ ਗੁਰਬਾਣੀ ਦਾ ਇਕ-ਰਸ ਅਖੰਡ ਅਤੇ ਨਿਰਬਾਣ ਕੀਰਤਨ ਹੀ ਪਰਵਾਨ ਹੈ। ਗੁਰਬਾਣੀ ਦੇ ਨਿਰੋਲ ਕੀਰਤਨ ਵਿਖੇ ਕੱਚੀ ਬਾਣੀ ਨੂੰ ਰਲਾਉਣਾ ਕੀਰਤਨ ਦੀ ਅਖੰਡਤਾ ਨੂੰ ਖੰਡਤ



www.AKJ.Org

ਕਰਨਾ ਹੈ ਅਤੇ ਨਿਰਬਾਣ ਕੀਰਤਨ ਦੇ ਇਕ-ਰਸ ਆਨੰਦ ਅਹਿਲਾਦ ਨੂੰ ਬੇਰਸ ਕਰਨਾ ਹੈ ।

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥(੪॥੬)

ਗੂਜਰੀ ਮ: ੪, ਪੰਨਾ ੪੯੪

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਗੁਰਬਾਣੀ ਦਾ ਪਾਠ ਕੀਰਤਨ ਹੀ ਅੰਮ੍ਰਿਤ ਰਸਾਇਣ ਪਾਰਸ-ਰਸ ਉਪਜਾਇਕ ਹੈ ।

**ਹਰਿ-ਕੀਰਤਨ ਗੁਰਬਾਣੀ ਦਾ ਹੀ ਹੋ ਸਕਦਾ ਹੈ–**

ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ "ਹਰਿ ਕੀਰਤਨ" ਦੀ ਪਦਵੀ ਪ੍ਰਾਪਤਿ ਹੈ । ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ । ਤਾਂ ਹੀ ਇਹਨਾਂ ਗੁਣਾਂ ਦਾ ਗਾਵਣਾ ਹਰਿ-ਕੀਰਤਨ ਹੈ ਅਤੇ ਗੁਰਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ-ਕੀਰਤਨ ਕਰਨਾ ਹੈ । ਗੁਰ-ਭਗਤਿ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾਂ ਦੁਆਰਾ ਹੀ ਸੰਭਵ ਹੈ । **ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੰਫ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤੁਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰਗਿਜ਼ ਹਰਿ-ਕੀਰਤਨ ਨਹੀਂ ਹੋ ਸਕਦਾ ।** "ਅਣਡੀਠਾ ਕਿਛੁ ਕਹਣੁ ਨ ਜਾਇ"* ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਵੇਖਿਆ ਹੀ ਨਹੀਂ, ਉਹ ਉਸ ਦੀ ਸਿਫਤਿ ਸਾਲਾਹ ਹੀ ਕੀ ਕਰਿ ਸਕਦੇ ਹਨ ।

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ...॥

(੪॥੨੫॥੩੬) ਰਾਮਕਲੀ ਮ: ੫, ਪੰਨਾ ੮੯੪

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ-ਕੀਰਤਨ ਬਣ ਸਕਦੀ ਹੈ । **ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲਗ ਸਕਦੀ । ਆਮ ਗੀਤਾਂ ਨੂੰ ਰਾਗਾਂ ਵਿਚ ਪਾ ਕੇ ਗਾਵਣਾ ਅਤੇ ਰਾਗ-ਵਿਦਿਆ ਘੋਖ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ, ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁਲ ਹੈ ।**

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ਰਹਾਉ॥

(੪॥੧॥੮੧) ਬਿਲਾਵਲੁ ਮ: ੫, ਪੰਨਾ ੮੨੦

ਗੁਰਵਾਕ ਦੇ ਭਾਵ ਅਨੁਸਾਰ ਗੁਰ ਗਿਆਨ ਪ੍ਰਚੰਡਨੀ ਦੀਦਾਰ ਨਿਰੰਕਾਰ ਦੇ ਸਾਖਸ਼ਾਤਕਾਰੀ ਜਲਵੇ ਤੋਂ ਘੁਥੇ ਅੰਧਲੇ ਅਗਿਆਨੀ ਸਾਕਤ ਪੁਰਸ਼ਾਂ ਦੇ ਕਥੇ ਸੁਣੇ ਬਣਾਏ ਬਿਉਂਤੇ ਰਾਗ ਨਾਦ ਗੀਤਾਂ ਦਾ ਗਾਵਣਾ 'ਬੋਲਤ ਬੋਲ ਅਜਾਏ' ਵਾਲਾ ਹੀ ਕੁਸੋਦਾ ਹੈ । **ਇਹਨਾਂ ਕਚ-ਪਿੱਚੇ ਬੋਲ-ਅਬੋਲੀ ਰਾਗ-ਨਾਦੀ ਗੀਤਾਂ ਨੂੰ ਸ੍ਰਵਣੀ ਸੁਣਨਾ ਸੁਣਾਵਣਾ ਮਹਾਂ ਮਨਮਤਿ ਹੈ । ਗੁਰਬਾਣੀ ਰੂਪੀ ਸੁਚੇ ਰਤਨਾਂ ਵਿਖੇ ਮਨ-ਘੜਤ ਟੱਪੇ ਬੋਲੀਆਂ ਨੂੰ ਜੋੜ ਕੇ ਰਲਾਵਣਾ ਭੀ ਹਰਿ-ਕੀਰਤਨ ਦੀ ਸੁਚੀ ਪਾਰਸ-ਕਲਾ ਨੂੰ ਕਲੰਕਤ ਕਰਨਾ ਹੈ ।** ਐਸੇ ਮਿਲਗੋਭੇ ਕੀਰਤਨ ਨੂੰ ਨਿਰਬਾਣ ਅਥਵਾ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ । ਗੁਰਬਾਣੀ ਦੀਆਂ ਦੋ ਚਾਰ ਤੁਕਾਂ ਦਾ ਆਸਰਾ ਲੈ ਕੇ ਮਨ-ਉਕਤ ਟੱਪੇ ਜੋੜਿ ਜੋੜਿ ਚਾਹੇ ਸਾਰੀ ਰਾਤ ਹੀ ਕਿਉਂ ਨਾ ਤਾਲ ਪੂਰਿ ਪੂਰਿ ਚਿਮਟੇ ਬਜਾਏ ਜਾਣ, ਅਤੇ ਨਿਰੇ ਰਾਗ-ਨਾਦੀ ਗੀਤ ਗਾਇ ਗਾਇ ਭਾਵੇਂ ਕਿਤਨਾ ਹੀ ਸਿਰ ਕਿਉਂ ਨਾ ਖਪਾਇਆ ਜਾਵੇ, ਕਦਾਚਿਤ ਭੀ ਇਸ ਨੂੰ ਅਖੰਡ ਕੀਰਤਨ ਨਹੀਂ ਕਹਿ ਸਕਦੇ । ਕੀਰਤਨ ਦੀ ਨਿਰਖੰਡਤਾ ਅਤੇ ਨਿਰਬਾਣਤਾ ਕੇਵਲ ਨਿਰੋਲ ਗੁਰਬਾਣੀ ਦੇ ਇਕ-ਰਸ ਕੀਰਤਨ ਵਿਚ ਹੈ । [ਪੁਸਤਕ 'ਗੁਰਮਤਿ ਲੇਖ' ਵਿਚੋਂ

*ਮਲਾਰ ਮ: ੧, ॥੧॥ਰਹਾਉ॥ (੪॥੧॥੬), ਪੰਨਾ ੧੨੫੬



www.AKJ.Org

# ਵਿਚਾਰਨ ਜੋਗ

ਕਲਜੁਗੀ ਜੀਵਾਂ ਦੇ ਉਧਾਰ ਲਈ ਗੁਰੂ ਨਾਨਕ ਸਾਹਿਬ ਜੀ ਇਸ ਸੰਸਾਰ ਵਿੱਚ ਆਏ। ਉਨ੍ਹਾਂ ਨੇ ਗੁਪਤੀ ਬਾਣੀ ਪਰਗਟ ਕੀਤੀ ਅਤੇ ਆਪ ਗੁਰਬਾਣੀ ਦਾ ਕੀਰਤਨ ਪ੍ਰਾਰੰਭ ਕੀਤਾ। ਕੀਰਤਨ ਦਾ ਆਗਾਜ਼ ਹੀ ਜ਼ਬਾਨੀ-ਕੀਰਤਨ ਨਾਲ ਹੋਇਆ। ਗੁਰੂ ਘਰ ਦੇ ਰਬਾਬੀਆਂ ਅਤੇ ਰਾਗੀਆਂ ਨੇ ਭੀ ਇਸੇ ਚਾਲ ਨੂੰ ਜਾਰੀ ਰੱਖਿਆ। ਅੱਜ ਤੱਕ ਵੀ, ਇਤਿਹਾਸਕ ਗੁਰਦਵਾਰਿਆਂ ਵਿੱਚ, ਕੰਠਾਗਰ ਬਾਣੀ ਦੀ ਸਹਾਇਤਾ ਨਾਲ ਹੀ ਕੀਰਤਨ ਕਰਨ ਦੀ ਮਰਯਾਦਾ ਪ੍ਰਚੱਲਤ ਹੈ। ਸੂਰਮਾ ਸਿੰਘ ਰਾਗੀਆਂ ਦਾ ਤਾਂ ਕਿੱਤਾ ਹੀ ਇਹ ਹੈ।

ਸਮਾਂ ਪਾ ਕੇ ਕੁਝ ਕੁ ਹਜੂਰੀ ਰਾਗੀ, ਖਾਸ ਖਾਸ ਮੌਕਿਆਂ ਤੇ ਕੀਰਤਨ ਕਰਨ ਲਈ, ਕਾਗਜ਼ ਉਤੇ (ਮੌਕੇ ਦੇ ਮੁਤਾਬਕ) ਸ਼ਬਦ ਲਿਖ ਕੇ ਵਾਜੇ ਉਪਰ (ਸ਼ੀਸ਼ੇ ਦੇ ਥੱਲੇ) ਰੱਖ ਲੈਂਦੇ ਰਹੇ। ਇਹ ਕਾਗਜ਼ ਰਾਗੀ ਤੋਂ ਬਿਨਾਂ ਹੋਰ ਕਿਸੇ ਨੂੰ ਨਜ਼ਰ ਨਹੀਂ ਸੀ ਆਉਂਦਾ। ਇਸ ਤਰ੍ਹਾਂ, ਰਾਗੀ ਸੱਜਣ ਸੰਗਤਾਂ ਉੱਤੇ ਕੀਰਤਨ ਦਾ ਪ੍ਰਭਾਵ ਪਾ ਲੈਂਦੇ ਰਹੇ।

ਇਨ੍ਹਾਂ ਦੀ ਰੀਸੇ ਕਈ ਕੀਰਤਨੀਆਂ ਵੱਲੋਂ ਇਸ ਵਿਚ ਵਾਧਾ ਇਹ ਕੀਤਾ ਗਿਆ ਕਿ ਉਨ੍ਹਾਂ ਨੇ ਮੌਕਿਆਂ ਮੁਤਾਬਕ ਚੋਣਵਿਆਂ ਸ਼ਬਦਾਂ ਦੀਆਂ ਕਾਪੀਆਂ ਬਣਾ ਲਈਆਂ, ਜਿਨ੍ਹਾਂ ਦੀ ਸਹਾਇਤਾ ਨਾਲ ਕੀਰਤਨ ਕੀਤਾ ਜਾਣ ਲਗ ਪਿਆ। ਆਹਿਸਤਾ ਆਹਿਸਤਾ ਇਨ੍ਹਾਂ ਕਾਪੀਆਂ ਨੇ ਪੋਥੀਆਂ ਦਾ ਆਕਾਰ ਇਖ਼ਤਿਆਰ ਕਰ ਲਿਆ। ਇਨ੍ਹਾਂ ਪੋਥੀਆਂ ਨੂੰ ਵਾਜੇ ਜਾਂ ਰੇਲ ਉਪਰ ਰੁਮਾਲੇ ਉੱਤੇ ਰਖ ਕੇ ਇਨ੍ਹਾਂ ਦੀ ਸਹਾਇਤਾ ਨਾਲ ਕੀਰਤਨ ਦਾ ਰਿਵਾਜ ਚੱਲ ਪਿਆ।

ਕਈ ਥਾਈਂ ਸ੍ਰੀ ਅਖੰਡ ਪਾਠ ਸਾਹਿਬ ਦੇ ਨਾਲ ਨਾਲ, ਰੇਲ ਉਪਰ ਰੁਮਾਲਾ ਵਿਛਾ ਕੇ ਜਪੁਜੀ ਸਾਹਿਬ ਦੀ ਪੋਥੀ ਪ੍ਰਕਾਸ਼ ਕਰਕੇ ਇਸ ਪੋਥੀ ਤੋਂ ਜਪੁਜੀ ਸਾਹਿਬ ਦਾ ਪਾਠ ਜਾਰੀ ਰਹਿੰਦਾ ਹੈ, ਜਿਸ ਦਾ ਭੋਗ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਨਾਲ ਹੀ ਪਾਇਆ ਜਾਂਦਾ ਹੈ।

ਲਿਖਤੀ ਬਾਣੀ ਦੀ ਸਹਾਇਤਾ ਨਾਲ ਕੀਰਤਨ ਕਰਨ ਵਾਲੇ ਕਈ ਪ੍ਰੇਮੀਆਂ ਪਾਸੋਂ ਪੁੱਛ ਗਿੱਛ ਕਰਨ ਤੋਂ ਪਤਾ ਲਗਦਾ ਹੈ ਕਿ ਹਰ ਪ੍ਰਾਣੀ ਕੰਠਾਗਰ ਬਾਣੀ ਦੀ ਸਹਾਇਤਾ ਨਾਲ ਹੀ ਕੀਰਤਨ ਕਰਨ ਦਾ ਇੱਛਕ ਹੈ। ਹਰ ਇਕ ਨੂੰ ਅਕਾਲ ਪੁਰਖ ਵੱਲੋਂ ਇਕੋ ਜਿਹੀ ਬੁੱਧੀ ਨਹੀਂ ਬਖ਼ਸ਼ੀ ਗਈ। ਕਿਸੇ ਨੂੰ ਸ਼ਬਦ ਛੇਤੀ ਕੰਠ ਹੋ ਜਾਂਦੇ ਹਨ, ਕਿਸੇ ਨੂੰ ਦੇਰ ਨਾਲ ਅਤੇ ਕਿਸੇ ਨੂੰ ਹੁੰਦੇ ਹੀ ਨਹੀਂ। ਗੁਰਬਾਣੀ ਕੰਠ ਕਰ ਸਕਣ ਦਾ, ਸਾਡੀਆਂ ਰੁਚੀਆਂ ਤੇ ਭੀ, **ਇਨਹਸਾਰ** ਹੈ। ਇਸ ਤੋਂ ਇਲਾਵਾ ਉਮਰ ਦਾ ਭੀ ਤਕਾਜ਼ਾ ਹੈ। ਪਿਛਲੇਰੀ ਉਮਰ ਵਿਚ ਕੰਠ ਕੀਤੀ ਬਾਣੀ ਭੀ ਭੁੱਲਣੀ ਸ਼ੁਰੂ ਹੋ ਜਾਂਦੀ ਹੈ। ਨਵੀਂ, ਕੰਠ ਕਰਨੀ ਤਾਂ ਇਕ ਪਾਸੇ ਰਹੀ।

ਕੁਝ ਅਜਿਹੇ ਪ੍ਰੇਮੀ ਹਨ ਜਿਨ੍ਹਾਂ ਦੀ ਕਈ ਸਾਲਾਂ ਤੋਂ ਸ਼ਬਦ-ਦੇਖਕੇ-ਕੀਰਤਨ-ਕਰਨ ਦੀ ਆਦਤ ਪੱਕ ਚੁੱਕੀ ਹੈ। ਉਹ ਅਜਿਹੀ ਆਦਤ ਤੋਂ ਭੀ ਮਜਬੂਰ ਹਨ। ਅਜਿਹੀ ਮਜਬੂਰੀ ਨੂੰ ਦੇਖ ਕੇ ਅਖੰਡ ਕੀਰਤਨੀ ਜਥੇ ਨੇ, ਕੁਝ ਕੁ ਸਾਲਾਂ ਤੋਂ ਭਾ: ਸਾ: ਭਾ: ਰਣਧੀਰ ਸਿੰਘ ਜੀ-ਕੀਰਤਨ-ਉਤਸ਼ਾਹਤ ਸਕੀਮ ਚਲਾਈ ਹੋਈ ਹੈ, ਜਿਸ ਅਧੀਨ ਜ਼ਬਾਨੀ ਆਸਾ ਦੀ ਵਾਰ ਸ਼ਬਦ ਛੱਕਿਆਂ ਸਮੇਤ ਕੀਰਤਨ ਕਰਨ ਦੀ ਯੋਗਤਾ ਰੱਖਣ ਵਾਲਿਆਂ (੨੦ ਸਾਲ ਦੀ ਉਮਰ ਤੱਕ ਦੇ) ਬੱਚਿਆਂ ਨੂੰ ਸਨਮਾਨਤ ਕੀਤਾ ਜਾਂਦਾ ਹੈ, ਤਾਂ ਜੁ ਛੋਟੀ ਸਿੱਖ ਪਨੀਰੀ ਨੂੰ ਸ਼ੁਰੂ ਤੋਂ ਹੀ ਕੰਠਾਗਰ ਬਾਣੀ ਦੀ ਸਹਾਇਤਾ ਨਾਲ ਕੀਰਤਨ ਕਰਨ ਦੀ ਆਦਤ ਪੱਕ ਜਾਏ।

ਕੋਈ ਕੋਈ ਕੀਰਤਨ ਕਰਨ ਵਾਲਾ ਪ੍ਰੇਮੀ ਕੀਰਤਨ ਦੇ ਖਾਸ ਖਾਸ ਹਿੱਸੇ ਤੇ ਜ਼ੋਰ ਦੇਣ ਲਈ ਆਪਣੇ ਹੱਥ ਦਾ ਇਸ਼ਾਰਾ ਕਰਦਾ ਹੈ। ਕੋਈ ਰਾਗੀ ਏਸੇ ਮਤਲਬ ਲਈ ਆਪਣੇ ਸੀਸ ਨੂੰ ਏਧਰ ਓਧਰ ਲੋੜ ਅਨੁਸਾਰ ਹਿਲਾਉਂਦਾ ਦੇਖੀਦਾ ਹੈ। ਕੋਈ ਕੀਰਤਨੀਆ ਬਾਣੀ ਦਾ ਅਰਥ ਸਮਝਾਣ ਲਈ ਆਪਣੇ ਸਾਰੇ ਸਰੀਰ ਨੂੰ ਏਧਰ ਓਧਰ ਮੋੜਦਾ ਦੇਖਣ ਵਿੱਚ ਆਉਂਦਾ ਹੈ। ਕਈ ਪ੍ਰੇਮੀ ਕੀਰਤਨੀਏ, ਰਾਗ ਤਾਲ ਦੀਆਂ ਸਮਝਾਉਣੀਆਂ ਦੇਣ



www.AKJ.Org

ਲਈ ਅਪਣੇ ਸੀਸ ਅਤੇ ਨੇਤਰਾਂ ਨੂੰ ਭੀ ਵਰਤਦੇ ਹਨ। ਬਹੁਤਿਆਂ ਨਾਲ ਅਜਿਹੀਆਂ ਆਦਤਾਂ ਪੱਕ ਚੁੱਕੀਆਂ ਹਨ।

ਜੇ ਕੀਰਤਨ ਕਰਨ ਦੇ ਢੰਗ ਸੰਬੰਧੀ ਅਸੀਂ ਕੋਈ ਗੱਲ ਪਸੰਦ ਨਹੀਂ ਕਰਦੇ ਤਾਂ ਸਾਡੇ ਲਈ ਉਚਿੱਤ ਹੈ ਕਿ ਅਸੀਂ ਆਪਣੇ ਚੰਗੇ ਵਿਚਾਰ ਨੂੰ ਸੰਬੰਧਤ ਕੀਰਤਨੀਏ ਮੂਹਰੇ ਐਸੇ ਨਿੱਘੇ ਢੰਗ ਨਾਲ ਰੱਖੀਏ ਕਿ ਉਹ ਸਾਡੇ ਚੰਗੇ ਖ਼ਿਆਲ ਦਾ ਕਾਇਲ ਹੋ ਜਾਏ। ਜੇ ਕਿਸੇ ਕੀਰਤਨੀਏ ਦੀ ਕੋਈ ਮਜਬੂਰੀ ਹੋਵੇ ਤਾਂ ਅਸੀਂ ਉਸਦੀ ਮਜਬੂਰੀ ਦਾ ਭੀ ਸਨਮਾਨ ਕਰੀਏ। ਪਰ ਕਿਸੇ ਵੀ ਹਾਲਤ ਵਿਚ ਅਜਿਹੇ ਵਿਚਾਰ-ਵਟਾਂਦਰੇ ਸਮੇਂ ਬੇ-ਰਸੀ ਨਹੀਂ ਪੈਦਾ ਹੋਣ ਦੇਣੀ ਚਾਹੀਦੀ। ਸਾਡਾ ਮੁਖ ਨਿਸ਼ਾਨਾ ਰੰਗ ਵਿਚ ਕੀਰਤਨ ਕਰਨ ਅਤੇ ਸੁਣਨ ਦਾ ਹੀ ਹੋਣਾ ਚਾਹੀਦਾ ਹੈ। ਕਿਸੇ ਭੀ ਪ੍ਰਕਾਰ ਦੀ ਬੇ-ਰਸੀ ਆਤਮਕ ਉਨਤੀ ਵਿਚ ਘਾਟ ਲਿਆਉਂਦੀ ਹੈ।

ਗੁਰਬਾਣੀ ਦਾ ਕੀਰਤਨ ਕਰਨ ਵਾਲੇ ਹਰ ਪ੍ਰੇਮੀ ਦਾ ਨਿਸ਼ਾਨਾ ਇਹ ਹੋਣਾ ਚਾਹੀਦਾ ਹੈ ਕਿ ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਕੀਰਤਨ ਕਰਨ ਦੀ ਮਰਯਾਦਾ ਚਲਾਈ ਸੀ, ਅਸੀਂ ਭੀ ਓਸੇ ਮਰਯਾਦਾ ਨੂੰ ਫੁੱਲ ਚੜ੍ਹਾਈਏ ਅਤੇ ਆਪਣੀ ਮਰਜ਼ੀ ਨੂੰ ਵਿਸ਼ੇਸ਼ਤਾ ਨਾ ਦੇਈਏ। ਕੀਰਤਨ ਦੇ ਸਤਿਕਾਰ ਲਈ ਅਤੇ ਕੀਰਤਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਕੀਰਤਨੀਆ ਸਾਦੇ ਗੁਰਮੁਖੀ ਲਿਬਾਸ ਵਿਚ, ਉਪਰੋਂ ਦੀ ਗਾਤਰਾ ਕਿਰਪਾਨ ਸਜਾ ਕੇ ਗਲ ਵਿਚ ਹਜ਼ੂਰੀਆ ਪਹਿਨ ਕੇ ਕੀਰਤਨ ਦੀ ਸੇਵਾ ਨਿਭਾਏ। ਕੀਰਤਨੀਆਂ ਦਾ ਅਜਿਹਾ ਦਰਸ਼ਨ, ਉਨ੍ਹਾਂ ਦੇ ਆਪਣੇ ਲਈ ਅਤੇ ਸਨਮੁਖ ਬੈਠੀਆਂ ਸੰਗਤਾਂ ਲਈ ਆਤਮਕ ਹੁਲਾਰਾ ਬਖਸ਼ਣ ਲਈ ਸਹਾਈ ਹੁੰਦਾ ਹੈ।

ਅੰਤ ਵਿਚ ਸਮੂਹ ਗੁਰਸਿਖਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ "ਮਿਲਿ ਰਹੀਐ ਪ੍ਰਭ ਸਾਧ ਜਨਾ ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥" (੯੨੬)

ਵਾਧ ਘਾਟ ਵੱਲੋਂ ਦਾਸ ਸੰਗਤਾਂ ਪਾਸੋਂ ਖਿਮਾ ਦਾ ਜਾਚਕ ਹੈ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

---

# ਅਮਰੀਕਾ ਵਿਚ ਸਿਖ ਬੱਚਿਆਂ ਦੀ ਸਾਰ ਸੰਭਾਲ

ਅਮਰੀਕਾ ਦੇ ਸਕੂਲਾਂ ਵਿਚ ਪੜ੍ਹਦੇ ਸਿਖ ਬੱਚੇ ਗੁਰਸਿਖੀ ਜੀਵਨ ਤੋਂ ਬਿਲਕੁਲ ਕੋਰੇ ਰਹਿ ਜਾਂਦੇ ਹਨ। ਉਨ੍ਹਾਂ ਨੂੰ ਗੁਰਬਾਣੀ ਤੇ ਸਿਖ ਇਤਿਹਾਸ ਨਾਲ ਜੋੜਨ ਲਈ ਭਾਰੀ ਉਦਮ ਦੀ ਲੋੜ ਹੈ। ਵਖਰੇ ਤੌਰ ਤੇ ਵਿਸ਼ੇਸ਼ ਅਸਥਾਨਾਂ ਤੇ ਉਨ੍ਹਾਂ ਨੂੰ ਗੁਰਮੁਖੀ ਸਿਖਾਉਣ, ਗੁਰਬਾਣੀ ਪੜ੍ਹਾਉਣ, ਗੁਰਬਾਣੀ-ਕੀਰਤਨ ਕਰਨ ਸੁਣਨ ਦੀ ਸਿਖਿਆ ਦੇਣ ਅਤੇ ਆਪਣੇ ਵਿਰਸੇ ਦੀ ਜਾਣ ਪਛਾਣ ਕਰਾਣ ਦੀ ਅਤੀ ਲੋੜ ਹੈ। ਸਤਿਗੁਰਾਂ ਦੇ ਉਚੇ ਸੁਚੇ ਜੀਵਨ ਅਤੇ ਸਿਖ ਇਤਿਹਾਸ ਦੇ ਚਕ੍ਰਿਤ ਕਰ ਦੇਣ ਵਾਲੇ ਕਾਰਨਾਮਿਆਂ ਤੋਂ ਜਾਣੂ ਕਰਾ ਕੇ ਕੌਮਾਂ ਦੇ ਇਨ੍ਹਾਂ ਬੀਟ-ਬਾਂਕੇ ਬੱਚਿਆਂ ਦੇ ਅੰਦਰ ਸਿੱਖੀ ਲਈ ਤੜਪ ਪੈਦਾ ਕਰਨ ਦੀ ਲੋੜ ਹੈ। ਅੰਮ੍ਰਿਤ ਵੇਲੇ ਦੇ ਇਸ਼ਨਾਨ, ਨਿਤਨੇਮ ਅਤੇ ਅੰਮ੍ਰਿਤ-ਕੀਰਤਨ ਦੀਆਂ ਧੁਨਾਂ ਵਿਚ ਇਨ੍ਹਾਂ ਹੋਨਹਾਰ ਬੱਚਿਆਂ ਨੂੰ ਜੋੜਨ ਦੀ ਸੇਵਾ ਨਿਭਾਉਣ ਲਈ ਗੁਰੂ ਕੇ ਲਾਲਾਂ ਨੂੰ ਕਮਰਕਸੇ ਕਰ ਲੈਣੇ ਚਾਹੀਦੇ ਹਨ।

ਸਾਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਅਜਿਹੀ ਸੇਵਾ ਨੂੰ ਨਿਭਾਉਣ ਲਈ "ਸਿਖ ਫ਼ਾਊਂਡੇਸ਼ਨ" ਦੀ ਨਿਗਰਾਨੀ ਹੇਠਾਂ ਅਮਰੀਕਾ ਵਿਖੇ 'ਇੰਟਰ-ਨੈਸ਼ਨਲ ਸਿਖ ਯੂਥ ਕੈਂਪ' ਲਗਾਏ ਜਾ ਰਹੇ ਹਨ, ਜਿਥੇ ਬੱਚਿਆਂ ਨੂੰ ਗੁਰਬਾਣੀ, ਕੀਰਤਨ ਤੇ ਸਿਖ ਇਤਿਹਾਸ ਦੀ ਸਿਖਿਆ ਦੇਣ ਦਾ ਉਦਮ ਕੀਤਾ ਜਾ ਰਿਹਾ ਹੈ। ਸਤਿਗੁਰੂ ਬਖਸ਼ਸ਼ ਕਰਨ ਅਤੇ ਇਨ੍ਹਾਂ ਸੇਵਕਾਂ ਨੂੰ ਨਿਜੀ ਸੁਆਰਥਾਂ ਤੋਂ ਉਚੇ ਰਖ ਕੇ, ਸਹੀ ਅਰਥਾਂ ਵਿਚ ਗੁਰਸਿਖੀ ਦੀ ਇਸ ਲੁੜੀਂਦੀ ਸੇਵਾ ਲਈ ਵਧ ਤੋਂ ਵਧ ਬਲ ਪ੍ਰਦਾਨ ਕਰਨ, ਤਾਕਿ ਹੋਰ ਹੋਰ ਪਿਆਰ-ਉਤਸ਼ਾਹ ਤੇ ਸਿਦਕ-ਦਿਲੀ ਨਾਲ ਇਸ ਕਾਰਜ ਵਿਚ ਸਫਲਤਾ ਪ੍ਰਾਪਤ ਕਰਦੇ ਰਹਿਣ।



www.AKJ.Org

# ਸਤਿਗੁਰੁ ਸਾਹੁ ਸਿਖ ਵਣਜਾਰੇ

## ਸਿਖ-ਮਾਨਸਿਕਤਾ ਲੇਖ ਲੜੀ ਨੰਬਰ ੭

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਗੁਰਬਾਣੀ ਸਿਖ ਦੇ ਮਨ ਉਤੇ ਇਹ ਅਮਿਟ ਛਾਪ ਲਗਾਉਂਦੀ ਹੈ ਕਿ ਸੰਸਾਰਕ ਵਣਜ ਵਪਾਰ ਖੋਟਾ ਹੈ, ਕਿਉਂਕਿ ਇਸ ਦਾ ਸਚੀ ਦਰਗਾਹ ਵਿਚ ਕੋਈ ਮੁਲ ਨਹੀਂ ਪੈਂਦਾ। ਸਤਿਗੁਰੁ ਸੱਚਾ ਸ਼ਾਹ ਹੈ, ਜਿਸ ਪਾਸ ਕੇਵਲ ਸਚੇ ਨਾਮ ਦਾ ਹੀ ਵਣਜ ਵਪਾਰ ਹੁੰਦਾ ਹੈ। ਇਹ ਵਪਾਰ ਹਰ ਮਨੁਖ ਮਾਤਰ ਲਈ ਖੁਲ੍ਹਾ ਹੈ। ਇਥੇ ਕਿਸੇ ਨੂੰ ਲਿੰਗ, ਜਾਤ ਜਾਂ ਮਜ਼ਹਬ ਦੇ ਨਾਮ ਤੇ ਵਪਾਰ ਤੋਂ ਵਰਜਿਆ ਨਹੀਂ ਜਾਂਦਾ। ਖੋਟੇ ਵਣਜ ਨਾਲ ਤਨ ਤੇ ਮਨ ਅੰਦਰ ਖੋਟ ਪੈਦਾ ਹੁੰਦੀ ਹੈ। ਸਚ ਨਾਮ ਦੇ ਵਪਾਰ ਨਾਲ ਤਨ ਤੇ ਮਨ ਅੰਦਰ ਦਰਗਾਹੀ ਗੁਣਾਂ ਦਾ ਚਾਨਣ ਖਿਲਰਦਾ ਹੈ।

ਸਿਖ ਦੀ ਮਾਨਸਿਕਤਾ ਨੂੰ ਸਤਿਗੁਰੂ ਜੀ ਕਿਵੇਂ ਤਿਆਰ ਕਰਦੇ ਹਨ, ਇਹ ਲੇਖ ਉਸ ਲੜੀ ਦੀ **ਸਤਵੀਂ** ਕਿਸ਼ਤ ਹੈ। (ਸੰਪਾਦਕ)

ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਜੁਗਾਂ ਦੇ ਤਬਦੀਲ ਹੋਣ ਸੰਬੰਧੀ ਗੁਰਮਤਿ ਵਿਚਾਰ ਦਿੰਦੇ ਹੋਏ ਦਸਦੇ ਹਨ ਕਿ ਕਲਜੁਗ ਵਿਚ ਧਰਮ-ਕਰਮ, ਵਰਤ-ਨੇਮ, ਤੀਰਥਾਂ ਦੇ ਇਸ਼ਨਾਨ ਅਤੇ ਕੀਤੇ ਪੁੰਨ ਦਾਨ ਆਦਿ ਦੀ ਕੋਈ ਪੇਸ਼ ਨਹੀਂ ਜਾਣੀ। ਇਸ ਜੁਗ ਵਿਚ ਜੇਕਰ ਧਰਮੀ ਮਨੁਖ ਦੇ ਪਲੇ ਗੁਰ-ਭਗਤੀ ਅਤੇ ਭੈ-ਭਾਵਨੀ ਨਹੀਂ ਹੈ ਤਾਂ ਉਸਦੀ ਕਠਨ ਤੋਂ ਕਠਨ ਕੀਤੀ ਸਾਧਨਾ ਦਾ ਵੀ ਕੋਈ ਲਾਭ ਨਹੀਂ ਹੋਵੇਗਾ।

ਕਲਜੁਗ ਕੀ ਸੁਣਿ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ॥
ਬਿਨਾ ਭਜਨ ਭਗਵਾਨ ਕੇ, ਭਾਉ ਭਗਤਿ ਬਿਨੁ ਠੌਰ ਨ ਥਾਈ॥ (ਵਾਰ ੧-੧੬)

ਇਸ ਤੋਂ ਅਗਲੀ ਪਉੜੀ ਵਿਚ ਜੁਗ ਬਦਲਣ ਦੀ ਚਰਚਾ ਕੀਤੀ ਗਈ ਹੈ :—

ਜੁਗ ਗਰਦੀ ਜਬ ਹੋਵਹੇ, ਉਲਟੇ ਜੁਗੁ ਕਿਆ ਹੋਇ ਵਰਤਾਰਾ॥
ਉਠੇ ਗਿਲਾਨਿ[1] ਜਗਤ ਵਿਚਿ, ਵਰਤੇ ਪਾਪ, ਭ੍ਰਿਸਟਿ ਸੰਸਾਰਾ॥
ਵਰਨਾ-ਵਰਨ ਨ ਭਾਵਨੀ, ਖਹਿ ਖਹਿ ਜਲਨ ਬਾਂਸ ਅੰਗਿਆਰਾ॥
ਨਿੰਦਿਆ ਚਲੇ ਵੇਦ ਕੀ,[2] ਸਮਝਨਿ ਨਹਿ ਅਗਿਆਨਿ ਗੁਬਾਰਾ॥
ਬੇਦ[3] ਗਰੰਥ ਗੁਰ ਹਟਿ ਹੈ, ਜਿਸੁ ਲਗਿ ਭਵਜਲ ਪਾਰਿ ਉਤਾਰਾ॥
ਸਤਿਗੁਰ ਬਾਝੁ ਨ ਬੁਝੀਐ, ਜਿਚਰੁ ਧਰੇ ਨ ਗੁਰ ਅਵਤਾਰਾ॥
ਗੁਰ ਪਰਮੇਸਰੁ ਇਕੁ ਹੈ, ਸਚਾ ਸਾਹੁ ਜਗਤੁ ਵਣਜਾਰਾ॥
ਚੜੇ ਸੂਰ ਮਿਟਿ ਜਾਇ ਅੰਧਾਰਾ॥ (ਵਾਰ ੧-੧੭)

ਕਲਜੁਗ ਦੇ ਪ੍ਰਸੰਗ ਵਿਚ ਹੀ ਉਪਰੋਕਤ ਪਉੜੀ ਅੰਦਰ ਇਹ ਦਰਸਾਇਆ ਹੈ ਕਿ ਚਾਰ ਚੁਫੇਰੇ ਮਨੁਖਾਂ ਅੰਦਰ, ਪਿਆਰ ਦੀ ਭਾਵਨਾ ਦੇ ਥਾਂ ਨਫ਼ਰਤ ਵਧੇਗੀ, ਲੋਕੀ ਪਾਪ ਅਤੇ ਨੀਚ ਕਰਮ ਕਰਨਗੇ। ਲੋਕ-ਬੁਧੀ ਅਤੇ ਲੋਕ-ਜੀਵਨ ਭ੍ਰਿਸ਼ਟ ਹੋ ਜਾਵੇਗਾ। ਪਰਮੇਸ਼ਰ ਦੇ ਗਿਆਨ ਦੀ ਅਤੇ ਗਿਆਨ ਦਾ ਪ੍ਰਚਾਰ ਕਰਨ ਵਾਲਿਆਂ ਦੀ ਨਿੰਦਾ ਹੋਵੇਗੀ। ਹੁਣ ਬੇਦਾਂ ਸ਼ਾਸਤਰਾਂ ਦਾ ਸਮਾਂ ਖ਼ਤਮ ਸਮਝੋ, ਹੁਣ ਤੇ ਕੇਵਲ ਸਤਿਗੁਰੂ ਦੇ ਚਰਨ ਪਰਸਿਆਂ ਹੀ ਭਵਜਲ ਸੰਸਾਰ ਤੋਂ ਪਾਰ-ਉਤਾਰਾ ਹੋ ਸਕਦਾ ਹੈ। ਸਤਿਗੁਰੂ ਵਿਚ ਪ੍ਰਭੂ ਆਪਣਾ ਆਪ ਪਰਗਟ ਕਰਦੇ ਹਨ, ਇਸ ਲਈ ਉਹਨਾਂ ਬਿਨਾਂ ਕਲਜੁਗ ਵਿਚ ਹੋਰ ਕੋਈ ਭੀ ਵਿਦਵਾਨ ਜਾਂ ਗਿਆਨਵਾਨ ਪੁਰਖ ਵਾਹਿਗੁਰੂ ਜੀ ਨਾਲ ਮੇਲ ਨਹੀਂ ਕਰਵਾ ਸਕੇਗਾ, ਕਿਉਂਕਿ ਗੁਰੂ ਅਤੇ ਪਰਮੇਸ਼ਰ ਅੰਦਰੋਂ ਇਕ ਹੁੰਦੇ ਹਨ। ਉਹ ਆਪ ਹੀ ਸੱਚੇ

(੧) ਨਫ਼ਰਤ। (੨) ਸਚ ਦੇ ਗਿਆਨ ਦੀ। (੩) ਵੇਦ ਅਤੇ ਹੋਰ ਧਰਮ ਗ੍ਰੰਥ ਹੁਣ ਗੁਰੂ ਉਪਦੇਸ਼ ਵਿਚ ਹਨ।



www.AKJ.Org

ਸ਼ਾਹ ਹਨ ਅਤੇ ਸਾਰਾ ਜਗਤ ਹੀ ਉਹਨਾਂ ਤੋਂ ਸਚਾ ਸੌਦਾ ਲੈਣ ਵਾਲਾ ਗਾਹਕ ਹੈ, ਵਣਜਾਰਾ ਹੈ । ਜਦੋਂ ਸਤਿਗੁਰੂ-ਸੂਰਜ ਚੜ੍ਹਦਾ ਹੈ ਉਦੋਂ ਅਗਿਆਨਤਾ ਦਾ ਅੰਧੇਰਾ ਮਿਟ ਜਾਂਦਾ ਹੈ ।

ਭਾਈ ਗੁਰਦਾਸ ਜੀ ਅਗੇ ਚਲ ਕੇ ਹੋਰ ਸਪਸ਼ਟ ਕਰਦੇ ਹਨ ਕਿ ਭਾਵੇਂ ਚਾਰ ਮਜ਼ਹਬ ਹਨ : ਹਿੰਦੂ, ਮੁਸਲਿਮ, ਬੋਧੀ ਤੇ ਜੈਨੀ, ਛੇ ਦਰਸ਼ਨ (ਫਲਸਫ਼ੇ : ਵਿਸ਼ੇਸ਼ਕ ਨਿਆਏ, ਸਾਂਖ, ਯੋਗ ਮੀਮਾਂਸਾ ਅਤੇ ਵੇਦਾਂਤ) ਹਿੰਦੂ ਮੱਤ ਦੇ ਮਹਾਨ ਦਸ ਅਵਤਾਰ ਹਨ, ਹਜ਼ਾਰਾ ਡੇਰੇ ਆਦਿ ਹਨ, ਪਰ ਸਾਰੇ ਇਕੋ ਹਟ ਤੋਂ, ਭਾਵ ਗੁਰ ਪਰਮੇਸ਼ਰ ਦੀ ਹੱਟ ਤੋਂ ਹੀ ਸਉਦਾ ਲੈ ਕੇ ਦੇਸ-ਦੇਸੰਤਰਾਂ ਵਿਚ ਲੋਕਾਂ ਵਿਚ ਵੰਡਦੇ ਹਨ । ਸਤਿਗੁਰੂ ਹੀ ਪੂਰਾ ਸ਼ਾਹ ਹੈ । ਉਸ ਦੇ ਭੰਡਾਰੇ ਅਥਾਹ ਹਨ. ਉਹ ਆਪ ਬੜੇ ਬੇਪਰਵਾਹ ਹਨ । ਸੁਆਦਲੀ ਗੱਲ ਇਹ ਹੈ ਕਿ ਉਪਰੋਕਤ ਸਾਰੇ ਵਪਾਰੀ ਸਤਿਗੁਰੂ ਪਾਸੋਂ ਪ੍ਰਾਪਤ ਕੀਤੀ ਦਾਤਿ ਲੈ ਲੈ ਕੇ ਮੁਕਰ ਜਾਂਦੇ ਹਨ, ਪਰ ਸਤਿਗੁਰੂ ਉਹਨਾਂ ਨੂੰ ਦਾਤਿ ਦਾਨ ਦੇਣ ਤੋਂ ਨਹੀਂ ਰੁਕਦੇ ।

ਚਾਰਿ ਵਰਨ ਚਾਰਿ ਮਜ਼ਹਬ, ਛਿਅ ਦਰਸ਼ਨ ਵਰਤਨ ਵਰਤਾਰੇ ॥
ਦਸ ਅਵਤਾਰ, ਹਜ਼ਾਰ ਨਾਵ, ਥਾਨ, ਮੁਕਾਮ, ਸਭੇ ਵਣਜਾਰੇ ॥
ਇਕਤ ਹਟਹੁ ਵਣਜ ਲੈ, ਦੇਸ ਦੇਸੰਤਰਿ ਕਰਨ ਪਸਾਰੇ ॥
ਸਤਿਗੁਰੁ ਪੂਰਾ ਸਾਹੁ ਹੈ, ਬੇਪਰਵਾਹੁ ਅਥਾਹ ਭੰਡਾਰੇ ॥
ਲੈ ਲੈ ਮੁਕਰ ਪਾਨਿ ਸਭਿ, ਸਤਿਗੁਰ ਦੇਇ, ਨ ਦੇਂਦਾ ਹਾਰੇ ॥
ਇਤ੍ਰ ਕਵਾਉ ਪਸਾਉ ਕਰਿ, ਓਅੰਕਾਰ ਆਕਾਰ ਸਵਾਰੇ ॥
ਪਾਰਬ੍ਰਹਮ ਸਤਿਗੁਰ ਬਲਿਹਾਰੇ ॥ [ਵਾਰ ੬੦-ਪਉੜੀ ੭]

ਆਪ ਨੇ ਬੜੇ ਜ਼ੋਰਦਾਰ ਢੰਗ ਨਾਲ ਇਹ ਗੱਲ ਦ੍ਰਿੜ੍ਹ ਕਰਵਾਈ ਹੈ ਕਿ :—

ਸਤਿਗੁਰੁ ਪੂਰਾ ਸਾਹੁ ਹੈ, ਤ੍ਰਿਭਵਣ ਜਗੁ ਤਿਸ ਦਾ ਵਣਜਾਰਾ ॥
ਰਤਨ ਪਦਾਰਥ ਬੇਸੁਮਾਰ, ਭਾਉ ਭਗਤਿ ਲਖ ਭਰੇ ਭੰਡਾਰਾ ॥ [ਵਾਰ ੨੬-੨੨]

ਇਸ ਲਈ ਭਾਈ ਸਾਹਿਬ ਸਿਖ ਨੂੰ ਬੜੇ ਸੁੰਦਰ ਢੰਗ ਨਾਲ ਸਮਝਾਉਂਦੇ ਹਨ ਕਿ ਸਚੇ ਸ਼ਾਹ ਨੂੰ ਛਡ ਕੇ ਕੂੜੇ ਸ਼ਾਹ ਦੇ ਕੂੜੇ ਵਪਾਰੀ ਬਣਨਾ ਠੀਕ ਨਹੀਂ—

ਸਤਿਗੁਰੁ ਸਾਹੁ ਅਥਾਹੁ ਛਡਿ, ਕੂੜੇ ਸਾਹ ਕੂੜੇ ਵਣਜਾਰੇ ॥ [ਵਾਰ ੧੫-੮]

ਸਤਿਗੁਰੂ ਨਾਨਕ ਦੇਵ ਜੀ ਨੇ ਹਰਿ ਕੇ ਨਾਮ ਦੇ ਵਣਜ ਵਪਾਰ ਦਾ ਅਲੰਕਾਰ ਸਭ ਤੋਂ ਪਹਿਲਾਂ ਬੰਨ੍ਹਿਆ ਅਤੇ ਬਾਅਦ ਵਿਚ ਪਰਵਰਤੀ ਸਤਿਗੁਰੂ ਸਾਹਿਬਾਨ ਨੇ ਇਸੇ ਅਲੰਕਾਰ ਨੂੰ ਵਧੇਰੇ ਵਿਸਥਾਰ ਨਾਲ ਆਪੋ ਆਪਣੇ ਢੰਗ ਨਾਲ ਵਰਨਣ ਕੀਤਾ ।

ਸਿਰੀ ਰਾਗ ਬਾਣੀ ਵਿਚ ਸਤਿਗੁਰੂ ਜੀ ਇਸ ਸਉਦੇ ਦੇ ਵਪਾਰੀਆਂ ਨੂੰ ਹਰਿਨਾਮ ਦੇ ਵਪਾਰ ਲਈ ਪ੍ਰੇਰਦੇ ਹਨ ਕਿ ਇਹੋ ਜਹੀ ਵਸਤੂ ਦਾ ਵਪਾਰ ਕਰਨਾ ਉਚਿਤ ਹੁੰਦਾ ਹੈ, ਜੋ ਜੀਵ ਦੇ ਮਰਨ ਉਪਰੰਤ ਭੀ ਉਸਦੇ ਨਾਲ ਚਲਦੀ ਹੈ, ਕਿਉਂਕਿ ਅਗੇ ਵਾਹਿਗੁਰੂ ਸ਼ਾਹ ਬਹੁਤ ਹੀ ਸਿਆਣਾ ਪਾਰਖੂ ਹੈ ਤੇ ਹਰਿ ਨਾਮ ਦੇ ਸਚੇ ਸਉਦੇ ਦੀ ਪਛਾਣ ਝਟ ਹੀ ਕਰ ਲੈਂਦਾ ਹੈ, ਇਸ ਲਈ ਚਿਤ ਲਾ ਕੇ ਸਚੇ ਦਿਲੋਂ ਹਰਿ ਨਾਮ ਜਪਣਾ ਚਾਹੀਦਾ ਹੈ । ਯਥਾ ਗੁਰਵਾਕ :—

ਵਣਜੁ ਕਰਹੁ ਵਣਜਾਰਿਹੋ ਵਖਰੁ[1] ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ[2] ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥ ੧ ॥
ਭਾਈ ਰੇ, ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ[3] ॥੧॥ ਰਹਾਉ ॥
[ਸਿਰੀ ਰਾਗ ਮ: ੧, ਪੰਨਾ ੨੨]

(੧) ਸੌਦਾ । (੨) ਖਰੀਦਣੀ ਚਾਹੀਦੀ ਹੈ । (੩) ਦੇਖ ਕੇ ਪ੍ਰਸੰਨ ਹੁੰਦਾ ਹੈ ।



www.AKJ.Org

ਕੇਵਲ ਇਸ ਲੋਕ ਤਕ ਇਹ ਵਪਾਰ ਸੀਮਤ ਨਹੀਂ। ਸਤਿਗੁਰੂ ਜੀ ਬ੍ਰਹਿਮੰਡ ਦੇ ਚੌਦਾਂ ਲੋਕਾਂ (ਸ੍ਰਿਸ਼ਟੀਆਂ) ਬਾਰੇ ਬਾਣੀ ਵਿਚ ਫੁਰਮਾਉਂਦੇ ਹਨ ਕਿ ਉਹਨਾਂ ਲੋਕਾਂ ਵਿਚ ਭੀ ਹਰਿਨਾਮ ਦੇ ਸ਼ਾਹ ਵਾਪਾਰੀਆਂ ਦੇ ਹੱਟ ਖੁਲ੍ਹੇ ਹੋਏ ਹਨ ਤੇ ਖ਼ੂਬ ਵਪਾਰ ਹੁੰਦਾ ਹੈ। ਗੁਰਵਾਕ—

ਦੁਇ ਦੀਵੇ ਚਉਦਹ ਹਟਨਾਲੇ ॥ ਜੇਤੇ ਜੀਅ ਤੇਤੇ ਵਣਜਾਰੇ ॥
ਖੁਲੇ ਹਟ, ਹੋਆ ਵਾਪਾਰੁ ॥ ਜੋ ਪਹੁਚੇ ਸੋ ਚਲਣਹਾਰੁ ॥
ਧਰਮੁ ਦਲਾਲੁ ਪਾਏ ਨੀਸਾਣੁ ॥ ਨਾਨਕ, ਨਾਮੁ-ਲਾਹਾ, ਪਰਵਾਣੁ ॥
ਘਰਿ ਆਏ ਵਜੀ ਵਾਧਾਈ ॥ ਸਚ ਨਾਮ ਕੀ ਮਿਲੀ ਵਡਿਆਈ ॥੧॥੧੩॥

[ਸਲੋਕ ਮ: ੧, ਵਾਰ ਸੂਹੀ ਕੀ, ਪੰਨਾ ੭੮੯]

ਚੰਦ ਸੂਰਜ ਚਉਦਹ ਲੋਕਾਂ ਦੇ ਮਾਨੋ ਰੌਸ਼ਨੀ ਕਰਨ ਦੇ ਵਿਸ਼ਾਲ ਦੀਵੇ ਹਨ। ਅਤੇ ਇਹਨਾਂ ਵਿਚ ਜਿਤਨੇ ਭੀ ਜੀਵ ਹਨ, ਚਾਹੇ ਉਹ ਮਨੁਖ ਹਨ, ਪਸ਼ੂ ਹਨ, ਪੰਖੀ ਹਨ ਜਾਂ ਜਲ ਵਿਚ ਰਹਿਣ ਵਾਲੇ ਜੀਵ ਹਨ, ਉਹ ਸਾਰੇ ਹੀ ਨਾਮ ਦੇ ਵਣਜਾਰੇ (ਵਪਾਰੀ) ਹਨ। ਜੋ ਜੀਵ ਇਹਨਾਂ ਲੋਕਾਂ ਵਿਚ ਜਨਮ ਲੈਂਦੇ ਹਨ ਉਸ ਦੀ ਅੰਤ ਵਿਚ ਮੌਤ ਅਵੱਸ਼ ਹੁੰਦੀ ਹੈ। ਆਪਣੇ ਜੀਵਨ ਕਾਲ ਵਿਚ ਕੀਤੇ ਵਣਜ ਵਪਾਰ ਚੋਂ ਉਹ ਕੀ ਕੁਝ ਸੌਦਾ ਨਾਲ ਲੈ ਕੇ ਤੁਰਦੇ ਹਨ, ਇਸ ਦੀ ਪਰਖ ਧਰਮ-ਰਾਜਾ ਕਰਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਪਰਖ ਵਿਚ ਕੇਵਲ ਹਰਿ ਨਾਮ ਦਾ ਸੱਚਾ ਸੌਦਾ ਹੀ ਪਰਵਾਨ ਹੁੰਦਾ ਹੈ।

ਗੁਰਬਾਣੀ ਸਿਖ ਨੂੰ ਇਹੋ ਉਪਦੇਸ਼ ਦਿੰਦੀ ਹੈ ਕਿ ਦੁਨਿਆਵੀ ਵਣਜ ਵਪਾਰ ਖੋਟਾ ਵਪਾਰ ਹੈ। ਇਸ ਵਿਚ ਰੁਚੀ ਲਾਉਣ ਨਾਲ ਮਨ ਵਿਚ ਅਜਿਹੇ ਵਿਚਾਰ ਉਠ ਖੜੋਂਦੇ ਹਨ ਜੋ ਮਨੁਖ ਨੂੰ ਸਚ ਤੋਂ ਦੂਰ ਲਿਜਾਂਦੇ ਹਨ।

ਜਿਨਾ [1]ਰਾਸਿ ਨਾ ਸਚੁ ਹੈ, ਕਿਉ ਤਿਨਾ ਸੁਖੁ ਹੋਇ ॥
[2]ਖੋਟੈ ਵਣਜਿ ਵਣੰਜਿਐ, ਮਨੁ ਤਨੁ ਖੋਟਾ ਹੋਇ ॥
ਫਾਹੀ ਫਾਤੇ ਮਿਰਗ ਜਿਉ, ਦੂਖੁ ਘਣੋ[3] ਨਿਤ ਰੋਇ ॥੨॥

[ਸਿਰੀਰਾਗੁ ਮ: ੧, ਪੰਨਾ ੨੨-੨੩]

ਅਗਿਆਨੀ ਮਨੁਖ ਕੂੜਾ ਧਨ ਇਕੱਠਾ ਕਰਦਾ ਰਹਿੰਦਾ ਹੈ, ਪਰ ਪਰਲੋਕ ਵਿਚ ਇਸ ਕੂੜੇ ਧਨ ਦਾ ਕੌਡੀ ਮੁਲ ਨਹੀਂ। ਉਥੇ ਤਾਂ ਕੇਵਲ ਸਚੇ ਨਾਮ ਦੀ ਕਦਰ-ਕੀਮਤ ਹੈ—

ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥
ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥੧॥ਰਹਾਉ॥

[ਧਨਾਸਰੀ ਮ: ੩, ਪੰਨਾ ੬੬੫]

ਸਿਖ ਨੂੰ ਇਹ ਦੋ ਗੱਲਾਂ ਗੁਰੂ ਘਰ ਵਿਚ ਪ੍ਰਵੇਸ਼ ਕਰਦਿਆਂ ਹੀ ਦ੍ਰਿੜ੍ਹ ਹੋ ਜਾਂਦੀਆਂ ਹਨ—

(ੳ) ਹਰੀ ਨਾਮ ਤੋਂ ਬਿਨਾਂ ਹੋਰ ਸਭ ਕੁਝ ਕੂੜ ਹੈ।

(ਅ) ਹਰੀ ਨਾਮ ਦੇ ਸੱਚੇ ਸ਼ਾਹ ਸਤਿਗੁਰੂ ਜੀ ਹੀ ਹਨ, ਅਤੇ ਸਮੂਹ ਜਗਤ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਣ ਲਈ ਸ਼ਾਹ ਵਾਪਾਰੀ ਪਾਸੋਂ ਹਰੀ ਨਾਮ ਦੀ ਅਮੋਲ ਵਸਤੂ ਪ੍ਰਾਪਤ ਕਰਨੀ ਹੀ ਪਏਗੀ। ਯਥਾ ਗੁਰਵਾਕ :—

ਸਚੁ ਸਾਹੁ ਹਮਾਰਾ ਤੂੰ ਧਣੀ, ਸਭੁ ਜਗਤੁ ਵਣਜਾਰਾ ਰਾਮ ਰਾਜੇ ॥ (ਪੰਨਾ ੪੪੯)
ਹਰਿ ਅੰਮ੍ਰਿਤ ਭਗਤਿ ਭੰਡਾਰ ਹੈ, ਗੁਰ ਸਤਿਗੁਰ ਪਾਸੇ ਰਾਮ ਰਾਜੇ ॥
ਗੁਰੁ ਸਤਿਗੁਰੁ ਸਚਾ ਸਾਹੁ ਹੈ, ਸਿਖ ਦੇਇ ਹਰਿ ਰਾਸੇ ॥
ਧੰਨੁ ਧੰਨੁ ਵਣਜਾਰਾ ਵਣਜੁ ਹੈ, ਗੁਰੁ ਸਾਹੁ ਸਾਬਾਸੇ ॥ [ਆਸਾ ਮ: ੪, ਪੰਨਾ ੪੪੯]

(੧) ਪੂੰਜੀ। (੨) ਹਰਿਨਾਮ ਤੋਂ ਬਿਨਾਂ ਹੋਰ ਵਪਾਰ ਕੀਤਿਆਂ। (੩) ਬਹੁਤ।



www.AKJ.Org

ਆਸਾ ਰਾਗ ਵਿਚ ਪੰਚਮ ਸਤਿਗੁਰੂ ਜੀ ਇਸ ਵਣਜ-ਵਪਾਰ ਦਾ ਜ਼ਿਕਰ ਇਉਂ ਕਰਦੇ ਹਨ :

ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥
ਜੇਜੀਆ ਡੰਨੁ ਕੋ ਲਏ ਨ ਜਗਾਤਿ ॥ ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥
ਵਖਰੁ ਨਾਮੁ ਲਦਿ ਖੇਪ ਚਲਾਵਹੁ ॥ ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥
ਸਤਿਗੁਰੁ ਸਾਹੁ ਸਿਖ ਵਣਜਾਰੇ ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਾਰੇ ॥੭॥

[ਆਸਾ ਮ: ੫, ਪੰਨਾ ੪੩੦]

ਸਤਿਗੁਰੂ ਸ਼ਾਹ ਹੈ, ਸਿਖ ਹਰਿਨਾਮ ਦੇ ਵਣਜਾਰੇ ਹਨ। ਇਸ ਵਪਾਰ ਵਿਚ ਨਾਮ ਦੀ ਪੂੰਜੀ ਲਗਾਈ ਜਾਂਦੀ ਹੈ। ਸਤਿਗੁਰੂ ਦਾ ਹੁਕਮ ਇਹੋ ਹੈ ਕਿ ਹਰਿ ਨਾਮ ਵਖਰ-ਖੇਪ (ਲਦਣ ਜੋਗ ਮਾਲ) ਲਦ ਕੇ ਪ੍ਰੀਤਮ ਦੇ ਦੇਸ਼ ਜਾਉ। ਇਸ ਸੌਦੇ ਅਤੇ ਮਾਲ ਉਤੇ ਕੋਈ ਮਹਿਸੂਲ ਨਹੀਂ ਲਿਆ ਜਾਂਦਾ। ਇਸ ਵਪਾਰ ਅੰਦਰ ਸਭ ਤੋਂ ਉਤਮ ਬਾਤ ਇਹ ਹੈ ਕਿ ਸ਼ਾਹ ਅਤੇ ਵਪਾਰੀ ਸਦੀਵੀ ਸੁਖ ਦੇ ਗਾਹਕ ਹਨ। ਸਤਿਗੁਰੂ ਪਾਸ ਨਾਮ ਹੈ। ਸਿਖ ਨਾਮ ਦੀ ਭਾਲ ਵਿਚ ਸਤਿਗੁਰੂ ਪਾਸ ਜਾਂਦਾ ਹੈ। ਇਉਂ ਸਤਿਗੁਰੂ ਅਤੇ ਸਿਖ ਵਿਚਕਾਰ ਇਕ ਉਤਮ ਸੰਬੰਧ ਕਾਇਮ ਹੋ ਜਾਂਦਾ ਹੈ। ਜਿਉਂ ਜਿਉਂ ਸਿਖ ਨੂੰ ਨਾਮ ਦੀ ਭੁਖ ਲਗਦੀ ਹੈ ਤਿਉਂ ਤਿਉਂ ਉਸ ਦੇ ਮਨ ਅੰਦਰ ਸਚੇ ਸ਼ਾਹ ਸਤਿਗੁਰੂ ਦਾ ਸਤਿਕਾਰ ਅਤੇ ਪਿਆਰ ਵਧਦਾ ਹੈ। ਇਧਰ ਪਿਆਰ ਵਧਦਾ ਹੈ, ਬੈਰਾਗ ਵਧਦਾ ਹੈ, ਉਧਰ ਨਾਮ ਦੀ ਵਰਖਾ ਹੁੰਦੀ ਹੈ, ਸਿਖ ਨੂੰ ਸ਼ਾਂਤ ਸਹਜ ਤੇ ਸੁਖ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਸਿਖ ਨੂੰ ਇਥੇ ਪੁਜ਼ ਕੇ ਗੁਰ-ਭਗਤੀ ਦੀ ਸਮਝ ਆਉਂਦੀ ਹੈ। ਹੁਣ ਤਕ ਸੱਚੇ ਨਾਮ ਤੋਂ ਭੁਲਾ ਹੋਇਆ ਮਨੁਖ ਮਾਇਆ-ਭਗਤੀ ਵਿਚ ਭਟਕਦਾ ਰਹਿੰਦਾ ਹੈ, ਪਰ ਮਾਇਆ-ਭਗਤੀ ਤੋਂ ਅਗਲੇ ਪੜਾਅ ਗੁਰੂ-ਭਗਤੀ ਵਿਚ ਪੁਜ ਕੇ ਪ੍ਰਾਣੀ ਸੱਚੇ ਸੁਖ ਵਿਚ ਲੀਨ ਹੋ ਜਾਂਦਾ ਹੈ।

ਧੰਨ ਸ੍ਰੀ ਗੁਰੂ ਅੰਗਦ ਦੇਵ ਜੀ, ਜਿਨ੍ਹਾਂ ਨੇ ਗੁਰੂ-ਭਗਤੀ ਕੀਤੀ, ਆਪ ਭੀ ਤਰੇ, ਤੇ ਬੇਅੰਤ ਪ੍ਰਾਣੀਆਂ ਦਾ ਉਧਾਰ ਕੀਤਾ। ਧੰਨ ਸ੍ਰੀ ਗੁਰੂ ਅਮਰਦਾਸ ਜੀ, ਜਿਨ੍ਹਾਂ ਨੇ ਗੁਰੂ-ਭਗਤੀ ਦੇ ਸੱਚੇ ਰੰਗ ਵਿਚ ਕੁੜਮਾਚਾਰੀ ਤੇ ਸੰਸਾਰੀ ਮਰਯਾਦਾ ਤੋਂ ਉਪਰ ਉਠ ਕੇ ਅਤਿ ਬਿਰਧ ਅਵਸਥਾ ਵਿਚ ਭੀ ਤਨ ਮਨ ਨਾਲ ਸੇਵਾ ਕੀਤੀ ਤੇ ਹਰਿ ਨਾਮ ਦਾ ਖੁਲ੍ਹ ਕੇ ਵਪਾਰ ਕੀਤਾ। ਆਪ ਸ਼ਾਹ ਵਪਾਰੀ ਬਣਾਏ ਗਏ। ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ-ਭਗਤੀ ਦੇ ਆਦਰਸ਼ਕ ਪੂਰਨੇ ਪਾਏ। ਉਹਨਾਂ ਦੀ ਬਾਣੀ ਵਿਚ ਗੁਰੂ-ਭਗਤੀ ਦੀ ਗੂੜ੍ਹੀ ਰੰਗਣ ਮਿਲਦੀ ਹੈ। ਇਥੋਂ ਤਕ ਕਿ ਜਿਥੇ ਜਿਥੇ ਸਤਿਗੁਰਾਂ ਨੇ ਚਰਨ ਪਾਏ ਹੋਣ, ਉਥੇ ਉਥੇ ਸਿਖਾਂ ਨੂੰ ਆਦੇਸ਼ ਦਿਤਾ ਕਿ ਸਤਿਗੁਰਾਂ ਦੀ ਪਵਿਤਰ ਯਾਦ ਬਣਾਉ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ, ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ, ਜਿਨ ਹਰਿਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ, ਤਿਨ ਹਰਿ ਪੂਜ ਕਰਾਵਾ ॥੨॥

(ਆਸਾ ਮ: ੪, ਪੰਨਾ ੪੫੦)

ਜਿਹੜੇ ਸਿਖ ਨਾਮ ਜਪਦੇ ਹਨ ਤੇ ਸਤਿਗੁਰੂ ਨਾਨਕ ਦੇਵ ਜੀ ਦੀ (ਸ੍ਰੀ ਗੁਰੂ ਗ੍ਰੰਥ ਸਾਹਿਬ ਦੀ) ਗੁਰੂ-ਭਗਤੀ ਕਰਦੇ ਹਨ, ਵਾਹਿਗੁਰੂ ਜੀ ਉਹਨਾਂ ਨੂੰ ਸਤਿਕਾਰ ਜੋਗ ਤੇ ਪੂਜ ਕਰ ਦਿੰਦਾ ਹੈ। ਸੰਸਾਰ ਵਿਚ ਉਹਨਾਂ ਨੂੰ ਬੇਅੰਤ ਆਦਰ ਮਿਲਦਾ ਹੈ ਤੇ ਅਗ ਪਰਲੋਕ ਵਿਚ ਭੀ ਉਹਨਾਂ ਨੂੰ ਸਤਿਕਾਰ ਤੇ ਵਾਹਿਗੁਰੂ ਜੀ ਦਾ ਪਿਆਰ ਮਿਲਦਾ ਹੈ।

ਅੰਤਰ-ਆਤਮੇ ਹਰ ਸਿਖ ਆਪਣੇ ਗੁਰੂ ਨਾਲ ਬਾਣੀ ਰਾਹੀਂ, ਸ਼ਬਦ ਦੀ ਕਮਾਈ ਰਾਹੀਂ ਜੁੜਨ ਦਾ ਜਤਨ ਕਰਦਾ ਰਹਿੰਦਾ ਹੈ। ਜਿਉਂ ਜਿਉਂ ਉਹ ਧੁਰ ਅੰਦਰ, ਆਪਣੇ ਹਿਰਦੇ-ਘਟ ਵਿਖੇ ਸਤਿਗੁਰੂ ਸ਼ਾਹ ਦੀ ਨੇੜਤਾ ਪ੍ਰਾਪਤ ਕਰਦਾ ਹੈ, ਉਸ ਦੇ ਅੰਦਰ ਇਕ ਠੰਢਕ ਜਿਹੀ ਵਰਤਦੀ ਜਾਂਦੀ ਹੈ। ਸੰਸਾਰ ਦੀ ਗੁਝੀ ਅੱਗ ਬੁਝ ਜਾਂਦੀ ਹੈ। ਉਸ ਠੰਢਕ ਸਦਕਾ ਉਸਦੇ ਬਾਹਰਲੇ ਸੁਭਾਅ ਅੰਦਰ ਮਿਠਾਸ, ਨਿਮਰਤਾ, ਤੇ ਸਰਬੱਤ ਦਾ ਭਲਾ ਮੰਗਣ ਦੀ ਲਾਲਸਾ ਬਣੀ ਰਹਿੰਦੀ ਹੈ। ਸਿਖ ਫਿਰ ਗੁਰੂ ਦੇ ਪਿਆਰ ਵਿਚ ਹੀ ਜੀਉਂਦਾ ਹੈ। ਸਤਿਗੁਰੂ-ਸ਼ਾਹ



www.AKJ.Org

ਦੀ ਹੱਟ ਖੁਲ੍ਹੀ ਰਹਿੰਦੀ ਹੈ। ਸਿਖ ਨਿਤ ਉਠਿ ਵਣਜ ਕਰਦਾ ਹੈ। ਗੁਰਬਾਣੀ ਉਸਨੂੰ ਨਿਤ ਸ਼ਾਬਾਸ਼ ਦਿੰਦੀ ਹੈ :—

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥
ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ਰਹਾਉ॥

[ਭੈਰਉ ਮ: ੫ ਅਸਟ: ਪੰਨਾ ੧੧੫੫]

ਉਪਰੋਕਤ ਸਮੁਚੇ ਸ਼ਬਦ ਵਿਚ ਇਹ ਦਰਸਾਇਆ ਗਿਆ ਹੈ ਕਿ ਜਿਸ ਦੇ ਹਿਰਦੇ ਵਿਚ ਵਾਹਿਗੁਰੂ ਜੀ ਦਾ ਨਾਮ ਵਸ ਜਾਂਦਾ ਹੈ, ਉਹ ਸੰਸਾਰਕ ਪਦਵੀਆਂ ਵਿਚੋਂ ਸ੍ਰੇਸ਼ਟ ਪਦਵੀਆਂ ਦਾ ਮਾਲਕ ਬਣ ਜਾਂਦਾ ਹੈ। ਵਡ-ਰਾਜਾ, ਕ੍ਰੋੜਾਂ ਦਾ ਕਈ ਪ੍ਰਕਾਰੀ ਧਨ, ਸਚਾ ਸ਼ਾਹ, ਜੀਵਨ ਮੁਕਤ, ਕਈ ਨਉ ਨਿਧੀਆਂ ਦਾ ਮਾਲਕ ਬਣ ਜਾਂਦਾ ਹੈ। ਉਸਦਾ ਰਾਜ ਤਖ਼ਤ ਸਦਾ ਨਿਹਚਲ ਹੁੰਦਾ ਹੈ। ਉਸਦਾ ਸਾਰੇ ਸਤਿਕਾਰ ਕਰਦੇ ਹਨ। ਉਹ ਸਭ ਤੋਂ ਉਚਾ ਹੁੰਦਾ ਹੈ।

ਸਤਿਗੁਰੂ-ਸ਼ਾਹ ਅਤੇ ਸਿਖ-ਵਣਜਾਰੇ ਦੇ ਪਰਸਪਰ ਵਪਾਰ ਵਿਚ ਇਕ ਨਿਰਾਲੀ ਖੇਡ ਜੋ ਦੇਖਣ ਵਿਚ ਆਉਂਦੀ ਹੈ, ਉਹ ਇਹ ਹੈ ਕਿ ਵਣਜਾਰੇ ਸਿਖ ਦੇ ਧੁਰ ਅੰਦਰ ਇਹ ਪਰਤੀਤ ਹੋ ਜਾਂਦੀ ਹੈ ਕਿ ਇਸ ਵਪਾਰ ਵਿਚ ਸਚੇ ਸ਼ਾਹ ਨਾਲ ਕੇਵਲ ਸਿਦਕ, ਭਰੋਸਾ, ਭੈ-ਭਾਵਨੀ ਦੇ ਆਧਾਰ ਤੇ ਵਪਾਰ ਹੋ ਸਕਦਾ ਹੈ। ਲੋਕ-ਵਿਖਾਵਾ, ਬੇਭਰੋਸਗੀ ਅਤੇ ਪਿਆਰਹੀਨ ਤੇ ਸਤਿਕਾਰਹੀਨ ਵਣਜਾਰੇ ਨੂੰ ਇਸ ਵਪਾਰ ਵਿਚ ਸਦਾ ਘਾਟਾ ਹੀ ਘਾਟਾ ਪੈਂਦਾ ਹੈ। ਗੁਰ ਇਤਿਹਾਸ ਤੇ ਸਿਖ-ਇਤਿਹਾਸ ਦੇ ਸੰਦਰਭ ਵਿਚ ਇਕ ਗੱਲ ਖਾਸ ਨੋਟ ਕਰਨ ਵਾਲੀ ਹੈ ਕਿ ਸਿਖ ਸਦਾ ਆਪਣੀ ਸੇਵਾ, ਘਾਲ ਕਮਾਈ ਰਾਹੀਂ ਹੇਠ ਲਿਖੇ ਆਦੇਸ਼ ਦੀ ਸੇਧ ਵਿਚ ਜਤਨ-ਸ਼ੀਲ ਰਿਹਾ ਹੈ—

ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ, ਸਹੁ ਦੇਖੈ ਪਤੀਆਇ ॥੧॥ਰਹਾਉ॥ ਪੰਨਾ ੨੨

ਸਿਖ ਨੇ ਸਦਾ ਉਹ ਕੰਮ ਕੀਤਾ ਹੈ ਜਿਸ ਨੂੰ "ਸਹੁ ਦੇਖੈ ਪਤੀਆਇ।" ਸਤਿਗੁਰੂ ਸ਼ਾਹ ਦੇਖ ਕੇ ਰੀਝ ਪਵੇ। ਨਹੀਂ ਤਾਂ ਕੌਣ ਹੈ ਜੋ ਆਪਣੇ ਬੱਚਿਆਂ ਦੇ ਟੁਕੜੇ ਟੁਕੜੇ ਕਰਵਾ ਕੇ ਝੋਲੀਆਂ ਵਿਚ ਹਾਰ ਪੁਆਉਂਦਾ ਹੈ। ਖੋਪਰੀ ਉਤਰਵਾ ਕੇ ਭੀ ਸ਼ੁਕਰ ਵਿਚ ਹੈ, ਬੰਦ ਬੰਦ ਕਟੀਣ ਤੇ ਭੀ ਸ਼ੁਕਰ ਕਰਦਾ ਹੈ। ਮੁਸਲਮਾਨ ਹੁੰਦਿਆਂ ਹੋਇਆਂ ਪੰਜ ਸੌ ਮੁਰੀਦ ਸਚੇ ਸ਼ਾਹ ਦੇ ਮੈਦਾਨੇ ਜੰਗ ਵਿਚ ਸ਼ਹੀਦ ਕਰਵਾ ਦਿੰਦਾ ਹੈ ਤੇ ਮੰਗਦਾ ਕੀ ਹੈ ? ਤੇ ਮਿਲਦਾ ਕੀ ਹੈ ? ਝੜੇ ਹੋਏ ਕੇਸ ਤੇ ਕੰਘਾ ? ਖਿਦਰਾਣੇ ਦੀ ਢਾਬ ਵਿਖੇ ਬੇਦਾਵੀਏ ਚਾਲੀ ਸਿੰਘ ਕਿਸ ਲਈ ਸ਼ਹੀਦੀ ਪਾਉਂਦੇ ਹਨ ? ਭਾਈ ਮਹਾਂ ਸਿੰਘ ਜੀ ਕੀ ਮੰਗਦੇ ਹਨ ਦਸਮੇਸ਼ ਜੀ ਪਾਸੋਂ ? ਇਹੋ ਨ, ਕਿ ਬੇਦਾਵਾ ਪਾੜ ਦਿਓ, ਟੁਟੀ ਗੰਢ ਲਓ। ਹਾਂ! ਸਿਖ ਨੇ ਹੱਸ ਹੱਸ ਕੇ ਆਪਾ ਵਾਰਨ ਤੋਂ ਸੰਕੋਚ ਨਹੀਂ ਕੀਤਾ, ਅਤੇ ਨਾ ਹੀ ਕਰੇਗਾ ਜੇ ਉਸਦੇ ਆਪਾ ਕੁਰਬਾਨ ਕਰਨ ਤੇ ਸ਼ਾਹ-ਵਾਪਾਰੀ ਪਰਸੰਨ ਹੁੰਦਾ ਹੈ। ਗੁਰੂ ਦੀਆਂ ਖ਼ੁਸ਼ੀਆਂ ਵਿਚ, ਗੁਰੂ ਦੀ ਨਦਰ-ਮਿਹਰ ਲੁਕੀ ਹੁੰਦੀ ਹੈ। ਇਹ ਇਸ ਵਣਜ-ਵਪਾਰ ਵਿਚ ਚਲਣ ਜੋਗ ਸਿੱਕਾ ਹੈ। ਸਿਖ ਸੇਵਾ ਕਰਦਾ ਹੈ, ਨਾਮ ਜਪਦਾ ਹੈ, ਆਪਾ ਕੁਰਬਾਨ ਕਰਦਾ ਹੈ, ਪਿਆਰ ਵਿਚ ਸਭ ਕੁਝ ਨਿਛਾਵਰ ਕਰ ਦਿੰਦਾ ਹੈ ਅਤੇ ਇਸਦੇ ਬਦਲੇ ਕੀ ਮੁਲ ਮਿਲਦਾ ਹੈ ?—ਨਦਰ, ਹਾਂ ਕੇਵਲ ਨਦਰ।

ਨਦਰਿ ਤੁਧੁ ਅਰਦਾਸਿ ਮੇਰੀ ਜਿਨਿ ਆਪੁ ਉਪਾਇਆ ॥
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥

[ਵਡਹੰਸ ਮ: ੧ ਛੰਤ, ਪੰਨਾ ੫੬੬

"ਹੇ ਸਤਿਗੁਰੂ ਜੀ, ਮੇਰਾ ਕੰਮ ਤਾਂ ਸਦਾ ਬੇਨਤੀ ਕਰਨਾ ਹੈ; ਮੇਹਰ ਦੀ ਨਜ਼ਰ ਕਰਨਾ ਇਹ ਆਪ ਦੀ ਬਖਸ਼ਸ਼ ਹੈ। ਜਦੋਂ ਆਪ ਜੀ ਨੇ ਹੁਕਮ ਕੀਤਾ ਤਾਂ ਹੀ ਮੈਂ ਸਿਮਰ ਸਕਿਆ ਹਾਂ।"



www.AKJ.Org

# ਮੱਸੇ ਰੰਘੜ ਨੂੰ ਕਰਨੀ ਦਾ ਫਲ

(ਆਖ਼ਰੀ ਕਿਸ਼ਤ)

[ ਕੈਪਟਨ ਸਵਰਨ ਸਿੰਘ ਜੀ ]

**ਮੱਸੇ ਦੀ ਮੌਤ ਦਾ ਅਸਰ—**

ਮੱਸੇ ਦੇ ਇੰਜ ਮਾਰੇ ਜਾਣ ਨਾਲ ਸਾਰੇ ਪੰਜਾਬ ਵਿਚ ਤਰਥਲੀ ਮੱਚ ਗਈ। ਫ਼ੌਜਾਂ ਦੇ ਪਾਏ ਸਖ਼ਤ ਘੇਰੇ ਵਿਚੋਂ ਦੀ ਸਿੰਘਾਂ ਦਾ ਲੰਘ ਕੇ, ਉਸ ਦਾ ਸਿਰ ਵੱਢ ਕੇ ਲੈ ਜਾਣਾ ਸਿਰੇ ਦੀ ਦੀਦਾ-ਦਲੇਰੀ ਤੇ ਹੈਰਾਨ ਕਰ ਦੇਣ ਵਾਲੀ ਘਟਨਾ ਸੀ। ਸਿਖਾਂ ਦੇ ਸਿਰ ਆਉਣ ਵਾਲੇ ਬਾਕੀ ਹਾਕਮ ਵੀ ਕੰਬ ਉਠੇ। ਉਹ ਵੀ ਸਮਝਣ ਲੱਗ ਪਏ ਕਿ ਉਨ੍ਹਾਂ ਦੇ ਸਿਰ ਵੀ ਕਦੀ ਨਾ ਕਦੀ ਇਹੋ ਜਿਹੀ ਬਿਜਲੀ ਡਿਗੀ ਕਿ ਡਿਗੀ। ਸਾਰੇ ਸੂਬੇ ਪੰਜ਼ਾਬ ਵਿਚ ਸਿਖਾਂ ਦੇ ਹੌਸਲੇ ਤੇ ਦਲੇਰੀ ਦਾ ਸਿੱਕਾ ਜੰਮ ਗਿਆ। ਘਰ ਘਰ ਇਸ ਘਟਨਾ ਦੀ ਚਰਚਾ ਹੋਣ ਲਗੀ। ਕਈ ਸੁੱਤੇ ਪਏ ਤ੍ਰਭਕ ਤ੍ਰਭਕ ਉਠ ਕੇ ਰੋਲਾ ਪਾਉਣ ਲੱਗ ਪੈਂਦੇ ਕਿ ਸਿਖ ਆਣ ਪਏ, ਸਿਖ ਆਣ ਪਏ।

ਉਧਰ ਮੱਸੇ ਦੇ ਭਰਾਵਾਂ ਭਾਈਆਂ, ਇਸਤ੍ਰੀ ਤੇ ਬ੍ਰਾਦਰੀ ਦੇ ਹੋਰ ਲੋਕਾਂ ਨੇ, ਮੱਸੇ ਦੀ ਬਿਨਾਂ ਸਿਰੋਂ ਲਾਸ਼ ਲਾਹੌਰ ਲਿਜਾ ਕੇ ਖਾਨ ਬਹਾਦਰ ਦੇ ਸਾਮ੍ਹਣੇ ਜਾ ਰਖੀ। ਤੇ ਉਨ੍ਹਾਂ ਰੋ ਰੋ ਕੇ ਬਦਲੇ ਲਈ ਫ਼ਰਿਆਦ ਕੀਤੀ। ਮੱਸੇ ਦੀ ਇਸਤ੍ਰੀ ਦੁਹੱਥੜ ਮਾਰ ਮਾਰ ਕੇ ਕਹਿਣ ਲੱਗੀ, ਸਰਕਾਰ ਨੇ ਮੇਰੀ ਝੋਲੀ ਕਿਸ ਕਸੂਰ ਵਜੋਂ ਰੰਡੇਪਾ ਪਾ ਦਿਤਾ ਹੈ ? ਤੇਰਾ ਸਿੰਘਾਂ ਨਾਲ ਵੈਰ ਸੀ, ਤੂੰ ਉਨ੍ਹਾਂ ਦੇ ਘਰ ਬਾਰ ਉਜਾੜੇ। ਸਾਨੂੰ ਅੱਗੇ ਲਾ ਕੇ ਕਿਉਂ ਮਰਵਾਇਆ ? ਮੈਨੂੰ ਬਦਲਾ ਲੈ ਕੇ ਨਾ ਦਿਤਾ ਤਾਂ ਮੈਂ ਭਰੀ ਕਚਹਿਰੀ ਵਿਚ ਖੰਜਰ ਮਾਰ ਕੇ ਮਰ ਜਾਵਾਂਗੀ।

ਮੱਸੇ ਦਾ ਇੰਜ ਮਾਰਿਆ ਜਾਣਾ ਕੋਈ ਮਮੂਲੀ ਗੱਲ ਨਹੀਂ ਸੀ। ਦਿਲੀ ਤੇ ਲਾਹੌਰ ਦੀਆਂ ਸਰਕਾਰਾਂ, ਜੋ ਸਿਖਾਂ ਦੇ ਖ਼ਾਤਮੇ ਲਈ ਬਾਨ੍ਹਣੂ ਬੰਨ੍ਹ ਰਹੀਆਂ ਸਨ, ਤੇ ਜਿਨ੍ਹਾਂ ਨੂੰ ਨਾਦਰ ਸ਼ਾਹ ਦੀ ਪੁਸ਼ਤ-ਪਨਾਹੀ ਹਾਸਲ ਸੀ, ਦੇ ਮੂੰਹਾਂ ਤੇ ਇਹ ਘਟਨਾ ਇਕ ਕਰਾਰੀ ਚਪੇੜ ਸੀ। ਮੱਸੇ ਤੋਂ ਪਹਿਲਾਂ ਕੁਤਬੁਦੀਨ ਜਲੰਧਰੀਆ ਨਵਾਬ, ਜੋ ਇਕ ਨਾਮੀ ਸੂਰਮਾ ਸੀ, ਸਿਖਾਂ ਹਥੋਂ ਜੀਉਂਦਾ ਸਾੜਿਆ ਗਿਆ ਸੀ। ਖਾਨ ਬਹਾਦਰ ਵੀ ਅੰਦਰੋਂ ਹਿਲ ਗਿਆ ਸੀ। ਪਰ ਆਪਣੇ ਡਰ ਨੂੰ ਲੋਕਾਂ ਦੇ ਸਾਮ੍ਹਣੇ ਜ਼ਾਹਰ ਨਹੀਂ ਸੀ ਹੋਣ ਦੇਣਾ ਚਾਹੁੰਦਾ। ਉਹ ਉਤੋਂ ਬੜਾ ਕਰੋਧਵਾਨ ਹੋਇਆ, ਸਿਖਾਂ ਵਿਰੁਧ ਜੋ ਮੂੰਹ ਆਇਆ, ਕਹਿ ਗਿਆ। ਮੱਸੇ ਦੇ ਪ੍ਰਵਾਰ ਨੂੰ ਹੌਸਲਾ ਦਿਤਾ ਤੇ ਪ੍ਰਣ ਕੀਤਾ ਕਿ ਜੇ ਮੱਸੇ ਦਿਆਂ ਕਾਤਲਾਂ ਤੋਂ ਉਸ ਦਾ ਬਦਲਾ ਨਾ ਲੈ ਸਕਿਆ ਤਾਂ ਉਹ ਲਾਹੌਰ ਦੀ ਨਜ਼ਾਮਤ ਛਡ ਦੇਵੇਗਾ।

**ਚੌਧਰੀਆਂ ਤੇ ਤਲਕੇਦਾਰਾਂ ਦੀ ਦੁਰਦਸ਼ਾ—**

ਖ਼ਾਨ ਬਹਾਦਰ ਨੇ ਹਲਕਾਰੇ ਭੇਜ ਕੇ ਇਲਾਕੇ ਦੇ ਚੌਧਰੀ ਲਾਹੌਰ ਮੰਗਵਾ ਲਏ। ਮੱਸੇ ਦੇ ਕਤਲ ਦਾ ਗੁੱਸਾ ਚੌਧਰੀਆਂ ਉਤੇ ਕਢਿਆ। ਗਾਲ੍ਹਾਂ ਤੇ ਝਾੜਾਂ ਦੇ ਚੌਧਰੀ ਪੀੜ੍ਹੀਆਂ ਤੋਂ ਆਦੀ ਹੋ ਚੁਕੇ ਸਨ। ਉਹ ਸਮਝਦੇ ਸਨ ਕਿ ਹੁਣ ਵੀ ਪਹਿਲਾਂ ਵਾਂਗ ਹੀ ਝਾੜ ਝੰਬ ਪਿਛੋਂ ਖ਼ਲਾਸੀ ਹੋ ਜਾਵੇਗੀ। ਪਰ ਖ਼ਾਨ ਬਹਾਦਰ ਲੋਹੇ ਲਾਖਾ ਹੋਇਆ ਹੋਇਆ ਸੀ। ਐਤਕੀ ਗਾਲ੍ਹਾਂ ਤਕ ਹੀ ਗੱਲ ਨਾ ਰਹੀ। ਪਹਿਲਾਂ ਚੌਧਰੀਆਂ ਨੂੰ ਜੁੱਤੀਆਂ ਮਰਵਾ ਕੇ ਬੇਹੋਸ਼ ਕੀਤਾ ਤੇ ਫਿਰ ਪੁਛਿਆ, ਤੁਸਾਂ ਲਿਖਤਾਂ ਦਿਤੀਆਂ ਸਨ, ਕਿ ਤੁਸਾਂ ਆਪਣੇ ਇਲਾਕਿਆਂ ਵਿਚੋਂ ਸਿਖ ਚੁਣ ਚੁਣ ਕੇ ਫੜਵਾ ਕੇ ਮਰਵਾ ਦਿਤੇ ਹਨ ਤੇ ਤੁਸਾਂ ਇਨਾਮ ਵੀ ਖ਼ੂਬ ਪਾਏ। ਪਰ ਹੁਣ ਦਸੋ ਇਹ ਤੁਹਾਡੇ ਸਜਰੇ ਜੁਆਈ ਕਿਥੋਂ ਆਏ, ਜਿਨ੍ਹਾਂ ਪਹਿਲਾਂ ਕੁਤਬੁਦੀਨ ਨੂੰ ਮਾਰਿਆ ਤੇ ਹੁਣ ਚੌਧਰੀ ਮੱਸੇ ਨੂੰ ਦਿਨ-ਦੀਵੀਂ, ਲਗਿਆਂ ਪਹਿਰਿਆਂ ਵਿਚ ਦੀ ਲੰਘ ਕੇ ਕਤਲ ਕੀਤਾ ਤੇ ਸਿਰ ਵੀ ਲੈ ਗਏ। ਜਾਂ ਤਾਂ ਇਸ ਦੇ ਕਾਤਲ ਭਾਲ ਕੇ ਦਿਉ, ਨਹੀਂ ਤਾਂ ਇਸ ਦਾ ਬਦਲਾ ਤੁਹਾਡੇ ਪਾਸੋਂ ਲਿਆ ਜਾਵੇਗਾ। ਚੌਧਰੀਆਂ ਨੇ ਸਿਖ ਮਰਵਾਉਣ ਦੀ ਸੇਵਾ ਬਦਲੇ ਸਰਕਾਰੋਂ ਜੋ ਇਨਾਮ ਲਏ ਸਨ, ਹੁਣ ਉਹ ਦੂਣੇ ਚੌਣੇ ਕਰਕੇ ਉਗਲਣੇ ਪਏ। ਜੁੱਤੀਆਂ ਖਾਧੀਆਂ, ਉਤੋਂ



www.AKJ.Org

ਕਤਲ ਦੇ ਬਦਲੇ ਦਾ ਡਰ। ਇਨ੍ਹਾਂ ਸਰਕਾਰ ਦੇ ਵਫ਼ਾਦਾਰਾਂ, ਜੋ ਅਣਖ ਤੇ ਗ਼ੈਰਤ ਵੇਚ ਕੇ ਖਾਧੀ ਬੈਠੇ ਸਨ, ਨੂੰ ਜਾਨ ਦੇ ਲਾਲੇ ਪੈ ਗਏ।

ਇਨ੍ਹਾਂ ਚੰਡਾਲਾਂ ਵਿਚ ਜੰਡਿਆਲੇ ਵਾਲਾ ਹਰਭਗਤ ਨਿਰੰਜਨੀਆ, ਜਿਸ ਨੂੰ ਰੱਬ ਕਰਕੇ ਸਿਖਾਂ ਨਾਲ ਵੈਰ ਸੀ, ਨੇ ਕਿਹਾ, ਅਸਾਂ ਤਾਂ ਸਦਾ ਹਜ਼ੂਰ ਦੇ ਨਮਕ-ਖ਼ਾਰ ਤੇ ਸੇਵਾਦਾਰ ਰਹਿਣਾ ਹੈ। ਅਸਾਂ ਸਿਖ ਬਹੁਤ ਮਰਵਾਏ ਤੇ ਮਰਵਾਉਂਦੇ ਰਹਿਣਾ ਹੈ। ਜਿਥੇ ਚਿੜੀ ਨਾ ਖੰਭ ਮਾਰ ਸਕੇ, ਉਥੇ ਵੀ ਅੱਪੜ ਇਹ ਸਿੰਘ ਨੁਕਸਾਨ ਕਰ ਜਾਂਦੇ ਹਨ। ਜਿੰਨੇ ਮਰਵਾਉਂਦੇ ਹਾਂ, ਉਨ੍ਹਾਂ ਤੋਂ ਦੂਣੇ ਵਧਦੇ ਜਾਂਦੇ ਹਨ। ਇਸ ਦਾ ਹਜ਼ੂਰ ਨੂੰ ਵੀ ਪਤਾ ਹੈ। ਸਾਨੂੰ ਦਿਸਦਾ ਹੈ ਕਿ ਚੌਧਰੀ ਮੱਸੇ ਵਾਂਗ ਸਾਡੀਆਂ ਵਾਰੀਆਂ ਵੀ ਸਿਰਾਂ ਤੇ ਆਈਆਂ ਖੜੋਤੀਆਂ ਹਨ। ਇਕ ਨਾ ਇਕ ਦਿਨ ਅਸਾਂ ਵੀ ਇਸੇ ਰਾਹੇ ਲੰਘਣਾ ਹੈ। ਪਰ ਅਸਾਂ ਵੀ ਕੋਈ ਢਿਲ ਨਹੀਂ ਛਡਣੀ। ਇਸ ਤਰ੍ਹਾਂ ਉਸ ਨੇ ਬੜੀਆਂ ਵਧਾ ਚੜ੍ਹਾ ਕੇ ਦਸਦੇ ਹੋਏ ਨੇ ਕਿਹਾ ਕਿ ਮੱਸੇ ਚੋਧਰੀ ਦੇ ਕਾਤਲ ਮਤਾਬ ਸਿੰਘ ਮੀਰਾਂਕੋਟੀਆ, ਜਿਸ ਨੂੰ ਮੈਂ ਪਿੰਡੋਂ ਕੱਢ ਛਡਿਆ ਹੈ ਤੇ ਹੁਣ ਬੀਕਾਨੇਰ ਡੇਰਾ ਲਾਈ ਬੈਠਾ ਹੈ, ਤੇ ਉਸ ਦੇ ਨਾਲ ਸੁਖਾ ਸਿੰਘ ਮਾੜੀ ਕੰਬੋਕੀ ਵਾਲਾ ਤਖਾਣ ਹੈ, ਜੋ ਨਾ ਦਿਲੀ ਤੇ ਨਾ ਲਾਹੌਰ ਸਰਕਾਰ ਦਾ ਡਰ ਮੰਨਦਾ ਹੈ। ਅਸੀਂ ਤਾਂ ਦਸ ਪਾ ਸਕਦੇ ਹਾਂ। ਇਨ੍ਹਾਂ ਨਿਡਰ ਤੇ ਬੇਖੌਫ਼ ਸਿੰਘਾਂ ਨੂੰ ਫੜ ਲੈਣ ਦੀ ਸਾਡੇ ਵਿਚ ਹਿੰਮਤ ਨਹੀਂ। ਇਹ ਕੰਮ ਸਰਕਾਰ ਦਾ ਹੈ। ਇਸ ਤੋਂ ਅੱਗੇ ਆਪਣੇ ਗ਼ੁਲਾਮਾਂ ਨੂੰ ਜੋ ਹੁਕਮ ਦੇਵੋਗੇ, ਸਿਰ ਝੁਕਾ ਕੇ ਮੰਨਾਂਗੇ।

**ਮੀਰਾਂ ਕੋਟ ਤੇ ਚੜ੍ਹਾਈ–**

ਖਾਨ ਬਹਾਦਰ ਨੇ ਝਟ ਨੂਰਦੀਨ ਫ਼ੌਜਦਾਰ ਨੂੰ ਫ਼ੌਜ ਲੈ ਕੇ ਮੀਰਾਂਕੋਟ ਉਤੇ ਚੜ੍ਹਾਈ ਦਾ ਹੁਕਮ ਦੇਂਦਿਆਂ ਆਖਿਆ, ਜੇ ਮਤਾਬ ਸਿੰਘ ਨਾ ਮਿਲੇ ਤਾਂ ਉਸ ਦਾ ਬਾਲ ਬੱਚਾ ਬੰਨ੍ਹ ਲਿਆਉਣਾ ਹੈ।

ਨੂਰਦੀਨ ਹੁਕਮ ਪਾ ਕੇ ਫ਼ੌਜ ਲੈ ਕੇ ਚੜ੍ਹ ਪਿਆ। ਹਰਭਗਤ ਨਿਰੰਜਨੀਆ ਨਾਲ ਰਲ ਕੇ ਮੂਹਰੇ ਹੋ ਤੁਰਿਆ। ਇਨ੍ਹਾਂ ਨੂੰ ਪਤਾ ਸੀ ਕਿ ਮਤਾਬ ਸਿੰਘ ਮੀਰਾਂ ਕੋਟ ਵਿਚ ਨਹੀਂ, ਉਹ ਬੀਕਾਨੇਰ ਹੈ। ਪਿਛੇ ਕੇਵਲ ਬਾਲ ਬੱਚਾ ਹੀ ਹੋਵੇਗਾ। ਇਨ੍ਹਾਂ ਸੂਰਮਿਆਂ ਨੂੰ ਬਾਲਾਂ ਤੇ ਇਸਤ੍ਰੀਆਂ ਉਤੇ ਚੜ੍ਹਾਈ ਕਰਨ ਲਗਿਆਂ ਹੌਸਲਾ ਨਾ ਹੋਵੇ ਤਾਂ ਫੇਰ ਕਦੋਂ ਹੋਣਾ ਹੈ? ਦਿਸਦਾ ਸੀ, ਮੂਹਰੇ ਲੜਨ ਵਾਲਾ ਹੈ ਕੋਈ ਨਹੀਂ, ਬਸ ਖ਼ੂਬ ਦਮਗਜੇ ਮਾਰੇ।

ਮੱਸੇ ਦੇ ਭਰਾ ਭਾਈ ਵੀ ਹਥਿਆਰ ਬੰਨ੍ਹ ਕੇ ਨੂਰਦੀਨ ਦੇ ਨਾਲ ਹੋ ਪਏ। ਉਨ੍ਹਾਂ ਅੰਦਰ ਸੱਚਾ ਦੁੱਖ ਸੀ ਤੇ ਇਸ ਬਦਲੇ ਦੀ ਅੱਗ ਵਿਚ ਉਹ ਮੱਚ ਰਹੇ ਸਨ। ਉਹ ਮਤਾਬ ਸਿੰਘ ਦੇ ਪਰਵਾਰ ਨੂੰ ਹਥੀਂ ਮਾਰ ਕੇ ਸੀਨੇ ਦੀ ਮੱਚਦੀ ਅੱਗ ਨੂੰ ਠਾਰਨਾ ਚਾਹੁੰਦੇ ਸਨ।

ਇਹ ਚੋਖਾ ਦਿਮ-ਦਾਣਾ ਲੈ ਕੇ ਨੂਰਦੀਨ ਨੇ ਮੀਰਾਂਕੋਟ ਜਾ ਘੇਰਿਆ। ਉਸਦੇ ਉਦਾਲੇ ਪਹਿਰੇ ਖੜੇ ਕਰ ਕੇ ਨੂਰਦੀਨ ਸਥ ਵਿਚ ਜਾ ਬੈਠਾ ਤੇ ਨਥੇ ਖਹਿਰੇ ਨੂੰ, ਜੋ ਇਸ ਦਾ ਚੌਧਰੀ ਸੀ, ਬੁਲਾ ਲਿਆ। ਨੂਰਦੀਨ ਨੇ ਕੜਕ ਕੇ ਨਥੇ ਨੂੰ ਕਿਹਾ, 'ਹਨੇਰ ਸਾਈਂ ਦਾ! ਤੇਰੇ ਪਿੰਡ ਵਿਚ ਸਰਕਾਰ ਦਾ ਬਾਗ਼ੀ ਤੇ ਚੌਧਰੀ ਮੱਸੇ ਦਾ ਕਾਤਲ ਬੈਠਾ ਹੈ ਤੇ ਤੂੰ ਕੋਈ ਅੰਸਰਾ ਹੀ ਨਹੀਂ ਕੀਤਾ, ਇਹ ਕੈਸੀ ਚੌਧਰਾਇਤ ਹੈ? ਇਸੇ ਵੇਲੇ ਮਤਾਬ ਸਿੰਘ ਜਾਂ ਉਸਦੇ ਬਾਲ ਬੱਚੇ ਨੂੰ ਪੇਸ਼ ਕੀਤਾ ਜਾਵੇ।"

ਚੌਧਰੀ ਨੇ ਬੜੀ ਅਧੀਨਗੀ ਨਾਲ ਕਿਹਾ—"ਫ਼ੌਜਦਾਰ ਸਾਹਿਬ, ਮਤਾਬ ਸਿੰਘ ਤਾਂ ਪਿੰਡ ਵਿਚ ਨਹੀਂ ਹੈ। ਉਹ ਚਿਰੋਕਣਾ ਪਿੰਡੋਂ ਨਿਕਲ ਚੁਕਾ ਹੈ। ਖਾਨ ਬਹਾਦਰ ਦੀ ਸਖ਼ਤਾਈ ਕਾਰਨ ਸਿੰਘ ਆਪਣਾ ਬਾਲ ਬੱਚਾ ਵੀ, ਜਿਧਰ ਆਪ ਗਏ, ਨਾਲ ਹੀ ਲੈ ਗਏ ਹਨ।" ਨਥੇ ਦਾ ਇਹ ਕਹਿਣ ਤੋਂ ਭਾਵ ਸੀ ਕਿ ਫੌਜਦਾਰ ਸਮਝ ਲਵੇ ਕਿ ਮਤਾਬ ਸਿੰਘ ਦਾ ਬਾਲ ਬੱਚਾ ਵੀ ਪਿੰਡ ਵਿਚ ਨਹੀਂ ਹੈ। ਪਰ ਹਰਭਗਤ ਨਿਰੰਜਨੀਆ ਕਦ ਚੁਪ ਰਹਿਣ ਵਾਲਾ ਸੀ। ਉਸਨੇ ਕਿਹਾ ਕਿ ਜਵਾਬ ਇਹ ਠੀਕ ਹੈ ਕਿ ਮਤਾਬ ਸਿੰਘ ਬੀਕਾਨੇਰ ਨੂੰ ਨਿਕਲ ਗਿਆ ਹੈ, ਪਰ ਉਸਦਾ ਪੁਤਰ ਪਿੰਡ ਵਿਚ ਹੀ ਹੈ, ਜਿਸਦੀ ਬਾਂਹ ਜਾਂਦਾ ਹੋਇਆ ਨਥੇ ਚੌਧਰੀ ਨੂੰ ਫੜਾ ਗਿਆ ਹੈ। ਮੈਥੋਂ ਤਾਂ ਸਰਕਾਰ



www.AKJ.Org

ਦੇ ਸਾਮ੍ਹਣੇ ਝੂਠ ਨਹੀਂ ਬੋਲਿਆ ਜਾਂਦਾ। ਖਾਨ-ਬਹਾਦਰ ਦਾ ਹੁਕਮ ਆਪਾਂ ਨੂੰ ਯਾਦ ਹੈ। ਅਸਾਂ ਤਾਂ ਚੌਧਰੀ ਮੱਸੇ ਦੇ ਕਤਲ ਦਾ ਬਦਲਾ ਲੈਣਾ ਹੈ। ਮਤਾਬ ਸਿੰਘ ਨਹੀਂ ਤਾਂ ਉਸਦਾ ਪੁਤਰ ਹੀ ਸਹੀ। ਸਗੋਂ ਪੁੱਤਰ ਦੇ ਮਰਨ ਨਾਲ ਮਤਾਬ ਸਿੰਘ ਨੂੰ ਵੀ ਪਤਾ ਲੱਗ ਜਾਵੇਗਾ ਕਿ ਮਰਿਆਂ ਦਾ ਦੁਖ ਕਿੰਨਾ ਕੁ ਹੁੰਦਾ ਹੈ। ਚੌਧਰੀ ਨਥੇ ਨੂੰ ਕਿਹਾ ਜਾਵੇ ਕਿ ਮਤਾਬ ਸਿੰਘ ਦੇ ਪੁਤਰ ਨੂੰ ਪੇਸ਼ ਕਰੇ। ਫ਼ੌਜਦਾਰ ਨੇ ਚੌਧਰੀ ਨਥੇ ਨੂੰ ਹੁਕਮ ਦਿਤਾ ਕਿ ਮਤਾਬ ਸਿੰਘ ਦੇ ਪੁਤਰ ਨੂੰ ਹਾਜ਼ਰ ਕਰੋ।

ਇਹ ਹੁਕਮ ਸੁਣ ਕੇ ਨਥਾ ਘਬਰਾ ਜਿਹਾ ਗਿਆ। ਉਸਦਾ ਮਤਾਬ ਸਿੰਘ ਨਾਲ ਭਾਈਚਾਰਾ ਸੀ। ਭਾਵੇਂ ਉਹ ਇਲਾਕੇ ਦਾ ਚੌਧਰੀ ਸੀ, ਪਰ ਉਸਦੇ ਖ਼ਿਆਲ ਦੂਸਰਿਆਂ ਨਾਲੋਂ ਵਖਰੇ ਸਨ। ਗ਼ਰੀਬਾਂ ਅਤੇ ਦੁਖੀਆਂ ਉਤੇ ਹਯਾ-ਦਯਾ ਰਖਦਾ ਸੀ, ਗੁਰੂ ਘਰ ਦਾ ਸ਼ਰਧਾਲੂ ਤੇ ਸਿਖਾਂ ਦਾ ਦਿਲੋਂ ਦਰਦੀ ਸੀ। ਮਤਾਬ ਸਿੰਘ ਬੀਕਾਨੇਰ ਨੂੰ ਜਾਂਦਾ ਹੋਇਆ ਆਪਣੇ ਸੱਤਾਂ ਸਾਲਾਂ ਦੇ ਪੁਤਰ ਰਾਇ ਸਿੰਘ ਦੀ ਬਾਂਹ ਨਥੇ ਚੌਧਰੀ ਨੂੰ ਫੜਾ ਗਿਆ ਸੀ। ਚੌਧਰੀ ਨਥਾ ਮੁਸਲਮਾਨਾਂ ਦੇ ਕਹਿਰ ਤੋਂ ਵੀ ਡਰਦਾ ਸੀ, ਪਰ ਰਾਇ ਸਿੰਘ ਦੀ ਮੌਤ ਵੀ ਨਹੀਂ ਸੀ ਵੇਖਣੀ ਚਾਹੁੰਦਾ। ਉਸਨੇ ਨੂਰਦੀਨ ਨੂੰ ਬੜੀ ਨਿਮਰਤਾ ਤੇ ਅਧੀਨਗੀ ਨਾਲ ਕਿਹਾ, "ਤੁਹਾਡਾ ਹੁਕਮ ਸਿਰ ਮਥੇ ਹੈ। ਮੈਂ ਬੱਚੇ ਨੂੰ ਪੇਸ਼ ਕਰਨ ਲਈ ਤਿਆਰ ਹਾਂ। ਪਰ ਸਰਕਾਰ ਪਾਸੋਂ ਇਕ ਗੱਲ ਦੀ ਭੀਖ ਮੰਗਦਾ ਹਾਂ। ਮਤਾਬ ਸਿੰਘ ਚੌਧਰੀ ਮਸੇ ਦਾ ਕਾਤਲ ਹੈ, ਇਸ ਵਿਚ ਕੋਈ ਸ਼ੱਕ ਨਹੀਂ। ਮਤਾਬ ਸਿੰਘ ਸਾਮ੍ਹਣੇ ਹੋਵੇ ਤਾਂ ਮੈਂ ਸਰਕਾਰ ਵਲੋਂ ਹੋ ਕੇ ਉਸ ਨਾਲ ਲੜਨ ਨੂੰ ਤਿਆਰ ਹਾਂ। ਉਹ ਕਾਨੂੰਨ ਦੀ ਨਿਗਾਹ ਵਿਚ ਦੋਸ਼ੀ ਹੈ। ਪਰ ਉਸਦਾ ਸੱਤਾਂ ਸਾਲਾਂ ਦਾ ਪੁਤਰ ਬਿਲਕੁਲ ਨਿਰਦੋਸ਼ ਹੈ। ਮੈਂ ਸਾਰੀ ਉਮਰ ਸਰਕਾਰ ਦਾ ਵਫ਼ਾਦਾਰ ਰਿਹਾ ਹਾਂ। ਮੈਂ ਸਾਰੀ ਉਮਰ ਦੀ ਸੇਵਾ ਬਦਲੇ ਸਿਰਫ਼ ਇਕੋ ਮੰਗ ਮੰਗਦਾ ਹਾਂ ਕਿ ਇਸ ਬੇਗੁਨਾਹ ਬੱਚੇ ਦੀ ਜਾਨ ਬਖਸ਼ੀ ਕੀਤੀ ਜਾਵੇ, ਉਸ ਤੇ ਰਹਿਮ ਕੀਤਾ ਜਾਵੇ : ਤੁਸੀਂ ਇਹ ਬਚਨ ਦੇ ਦਿਹੋ, ਮੈਂ ਬੱਚੇ ਨੂੰ ਪੇਸ਼ ਕਰ ਦੇਂਦਾ ਹਾਂ।"

ਨੂਰਦੀਨ ਬੜੇ ਗੁਸੇ ਵਿਚ ਭਬਕਿਆ ਤੇ ਆਖਿਆ, "ਸਿਖ ਦੇ ਬੱਚੇ ਤੇ ਰਹਿਮ ? ਤੌਬਾ ! ਤੌਬਾ ! ਇਸਦੀ ਤਾਂ ਸੁਪਨੇ ਵਿਚ ਵੀ ਆਸ ਨਾ ਰਖੋ। ਐਸੇ ਵੇਲੇ ਪੇਸ਼ ਕਰੋ। ਜਿਨ੍ਹਾਂ ਦਾ ਕਤਲ ਹੋਇਆ ਹੈ, ਉਨ੍ਹਾਂ ਨੂੰ ਕਿਵੇਂ ਸਬਰ ਆਊ ? ਮੈਂ ਉਸਦੇ ਟੁਕੜੇ ਟੁਕੜੇ ਕਰ ਕੇ ਰੁਖਾਂ ਉਤੇ ਟੰਗ ਦਿਆਂਗਾ। ਲੋਕ ਵੇਖਣਗੇ ਕਿ ਸਰਕਾਰ ਦੇ ਵਿਰੁਧ ਹੱਥ ਚੁਕਣ ਵਾਲਿਆਂ ਦਾ ਕੀ ਹਸ਼ਰ ਹੁੰਦਾ ਹੈ। ਜਾਓ ਤੇ ਬੱਚੇ ਨੂੰ ਛੇਤੀ ਲੈ ਕੇ ਵਾਪਸ ਮੁੜੋ। ਨਹੀਂ ਤਾਂ ਮੇਰੇ ਆਦਮੀ ਜਾ ਕੇ ਆਪ ਫੜ ਲਿਆਉਣਗੇ। ਇਸ ਹਾਲਤ ਵਿਚ ਆਪਣੀ ਚੌਧਰ ਬਾਰੇ ਸੋਚ ਲਵੋ। ਇਕੋ ਸਮੇਂ ਸਰਕਾਰ ਨਾਲ ਵਫ਼ਾਦਾਰੀ ਤੇ ਮਤਾਬ ਸਿੰਘ ਨਾਲ ਯਰਾਨਾ ਨਿਭ ਨਹੀਂ ਸਕਣਾ। ਸਿਖਾਂ ਦਾ ਮਿੱਤਰ ਸਰਕਾਰ ਦੀ ਨਿਗਾਹ ਵਿਚ ਸਿਖਾਂ ਜਿਡਾ ਹੀ ਦੁਸ਼ਮਣ ਹੈ। ਚਲੋ ਹੁਣ ਤੇ ਜਲਦੀ ਮੁੜੋ।"

ਨਥਾ ਨੀਵੀਂ ਪਾਈ ਦੁਚਿਤੀ ਵਿਚ ਤੁਰ ਪਿਆ। ਇਕ ਪਾਸੇ ਆਪਣੀ ਮੌਤ ਤੇ ਦੂਜੇ ਪਾਸੇ "ਬਾਂਹ ਫੜੀ ਦੀ ਲਾਜ"। ਮੌਤ ਤੇ ਆਦਰਸ਼। ਇਹ ਗਿਣਤੀਆਂ ਗਿਣਦਾ ਮਤਾਬ ਸਿੰਘ ਦੇ ਘਰ ਪੁਜਾ। ਅੱਗੇ ਵੇਹੜੇ ਵਿਚ ਬਾਲਕ ਰਾਇ ਸਿੰਘ ਖੇਡ ਰਿਹਾ ਸੀ। ਚੌਧਰੀ ਨੂੰ ਵੇਖ ਕੇ "ਤਾਇਆ ਜੀ" ਕਹਿੰਦਾ ਹੋਇਆ ਭਜ ਕੇ ਆਇਆ ਤੇ ਉਸਦੀਆਂ ਲੱਤਾਂ ਨਾਲ ਚਿੰਬੜ ਗਿਆ ਤੇ ਘੁਟ ਕੇ ਜੱਫੀ ਪਾ ਲਈ। ਇਹ ਸਾਰਾ ਨਜ਼ਾਰਾ ਵੇਖ ਕੇ ਨਥੇ ਦਾ ਦਿਲ ਭਰ ਆਇਆ ਤੇ ਉਸ ਨੂੰ ਉਤਾਂਹ ਚੁਕ ਕੇ ਘੁਟ ਕੇ ਹਿਕ ਨਾਲ ਲਾ ਲਿਆ। ਬੱਚੇ ਨੇ ਵੀ ਆਪਣੀਆਂ ਨਿਕੀਆਂ ਨਿਕੀਆਂ ਬਾਹਵਾਂ ਨਾਲ ਤਾਏ ਨੂੰ ਘੁਟ ਲਿਆ। (ਯਾਦ ਰਹੇ ਚੌਧਰੀ ਨਥਾ ਮਤਾਬ ਸਿੰਘ ਦਾ ਸਕਾ ਭਰਾ ਨਹੀਂ ਸੀ। ਉਹ ਗੋਤ ਦਾ ਖਹਿਰਾ ਸੀ। ਮਤਾਬ ਸਿੰਘ ਦੀ ਗੋਤ ਭੰਗੂ ਸੀ।)

ਨਥਾ ਸਜਲ ਅੱਖਾਂ ਨਾਲ ਬੱਚੇ ਨੂੰ ਘਰ ਚੁੱਕ ਲਿਆਇਆ ਤੇ ਸਾਰੀ ਗੱਲ ਆਪਣੇ ਜਵਾਨ ਪੁਤਰ ਨੂੰ ਦਸੀ। ਦੋਵੇਂ ਸੂਰਤਾਂ ਦਸੀਆਂ। ਇਕ ਪਾਸੇ ਮੌਤ ਹੈ ਦੂਜੇ ਪਾਸੇ ਵਿਸਾਹਘਾਤ। ਇਕ ਪਾਸੇ ਸੁਰਖ਼ਰੂਈ ਹੈ ਦੂਜੇ ਪਾਸੇ ਹਮੇਸ਼ਾ ਲਈ ਅਮਿਟ ਕਲੰਕ ਦਾ ਟਿੱਕਾ।

ਉਸਦੇ ਪੁਤਰ ਨੇ ਬੜੇ ਹੌਸਲੇ ਨਾਲ ਕਿਹਾ, "ਪਿਤਾ ਜੀ, ਜਿਹੜੇ ਮਰਦ ਕੋਈ ਮਰਦਾਨਗੀ ਕਰ ਜਾਂਦੇ



www.AKJ.Org

ਹਨ, ਉਨ੍ਹਾਂ ਦੇ ਨਾਂ ਹੀ ਪਿਛੇ ਰਹਿ ਜਾਂਦੇ ਹਨ। ਗੁਰੂ ਤੇਗ ਬਹਾਦਰ ਨੇ "ਬਾਂਹ ਫੜੀ ਦੀ ਲਾਜ" ਸ਼ਹੀਦੀ ਦੇ ਕੇ ਪਾਲੀ ਸੀ ਤੇ ਸਾਨੂੰ ਦੁਨੀਆ ਵਿਚ ਸਿਰ ਚੁਕ ਕੇ ਜੀਉਣ ਜੋਗਾ ਕਰ ਗਏ। ਅੱਜ ਉਸ ਦਿਤੇ ਸਬਕ ਵਿਚੋਂ ਪਾਸ ਹੋਣ ਲਈ ਸਾਡਾ ਇਮਤਿਹਾਨ ਹੈ। ਅਸੀਂ ਵੀ ਉਂਜ ਹੀ ਸੁਰਖਰੂ ਹੋਣਾ ਹੈ ਤੇ ਸਰਬੰਸ ਲਾ ਕੇ ਰਾਇ ਸਿੰਘ ਦੀ ਜਾਨ ਬਚਾਵਾਂਗੇ। ਇਹੋ ਜਿਹੇ ਸੁਨਹਿਰੀ ਮੌਕੇ ਭਾਗਾਂ ਨਾਲ ਹੀ ਮਿਲਦੇ ਹਨ।

ਨਥਾ ਪੁਤਰ ਦੀਆਂ ਦਲੇਰੀ ਵਾਲੀਆਂ ਗੱਲਾਂ ਸੁਣ ਕੇ ਗਦ ਗਦ ਹੋ ਗਿਆ। ਨਥਾ, ਉਸ ਦਾ ਪੁਤਰ, ਭਣੇਵਾਂ, ਇਕ ਮਜ਼ਬੀ ਸਿਖ, ਤੇ ਇਕ ਬਰਵਾਲਾ ਸਿਖ (ਪਿਛਲੇ ਦੋਵੇਂ ਉਸਦੇ ਕਾਮੇ ਸਨ)–ਇਹ ਪੰਜੇ–ਬਾਲਕ ਰਾਇ ਸਿੰਘ ਨੂੰ ਚੁਕ ਕੇ, ਪਿੰਡੋਂ ਦੂਜੇ ਪਾਸੇ ਦੀ ਅਖ ਬਚਾ ਕੇ ਬਾਹਰ ਨਿਕਲ ਕੇ, ਪਿੰਡ ਕੰਬੋਆਂ ਨਾਗ ਪਿੰਡ ਦੇ ਪਾਸੇ ਨਿਕਲ ਤੁਰੇ।

ਕਾਫ਼ੀ ਸਮੇਂ ਤਕ ਨਥਾ ਵਾਪਸ ਨਾ ਮੁੜਿਆ ਤਾਂ ਸਾਰਿਆਂ ਨੂੰ ਸ਼ਕ ਹੋ ਗਿਆ। ਪਤਾ ਲੱਗਾ ਕਿ ਉਹ ਬੱਚੇ ਨੂੰ ਲੈ ਕੇ ਪਿੰਡ ਨਾਗਾਂ ਵਲ ਨੂੰ ਨੱਸ ਗਿਆ ਹੈ। ਬੱਸ ਫਿਰ ਕੀ ਸੀ। ਨੂਰੁਦੀਨ ਨੇ ਹੁਕਮ ਦਿਤਾ ਕਿ ਨਥੇ ਦੀ ਆਕੜ ਭੰਨ ਕੇ ਉਸ ਨੂੰ ਵੀ ਨਾਲ ਹੀ ਸਿਧਿਆਂ ਕਰੋ। ਛੇਤੀ ਕਰ ਕੇ ਮਗਰ ਲੱਗੋ ਤੇ ਉਸ ਬਦਮਾਸ਼ ਨੂੰ ਰਾਹ ਵਿਚ ਹੀ ਫੜ ਲਵੋ, ਕਿਤੇ ਨਿਕਲ ਨਾ ਜਾਵੇ।

ਫ਼ੌਜਦਾਰ ਦਾ ਹੁਕਮ ਸੁਣ ਕੇ ਉਸ ਦੀ ਫੌਜ, ਮੰਡਿਆਲੀਏ, ਜੰਡਿਆਲੀਏ ਤੇ ਹੋਰ ਸਰਕਾਰੀ ਟੁਕੜ-ਬੋਚਾਂ ਤੇ ਤਮਾਸ਼ਬੀਨਾਂ ਦੀਆਂ ਧਾੜਾਂ ਨਥੇ ਤੇ ਉਸਦੇ ਨਾਲ ਦਿਆਂ ਮਗਰ "ਫੜ ਲੌ, ਫੜ ਲੌ" ਕਰਦੇ ਨੱਸ ਪਏ।

ਮਗਰੋਂ ਧੂੜ ਉਡਦੀ ਵੇਖ ਕੇ ਤੇ ਫਿਰ ਲਲਕਾਰਿਆਂ ਦੀਆਂ ਆਵਾਜ਼ਾਂ ਸੁਣ ਕੇ ਨਥੇ ਸਮਝ ਲਿਆ ਕਿ ਵੈਰੀ ਪਿਛੇ ਚੜ੍ਹਿਆ ਆ ਰਿਹਾ ਹੈ। ਉਸ ਨੇ ਆਪਣੇ ਪੁਤਰ ਨੂੰ ਕਿਹਾ ਕਿ ਵੈਰੀ ਪਾਸੋਂ ਕਿਸੇ ਰਿਆਇਤ ਜਾਂ ਰਹਿਮ ਦੀ ਆਸ ਨਹੀਂ। ਤੂੰ ਰਾਇ ਸਿੰਘ ਨੂੰ ਚੁਕ ਕੇ ਇਕ ਪਾਸੇ ਨੂੰ ਨੱਸ ਜਾ, ਉਸ ਨੂੰ ਬਚਾ ਲੈ ਤੇ ਆਪਣੀ ਜਾਨ ਵੀ। ਮੈਂ ਖਾ ਪੀ ਕੇ ਉਮਰ ਹੰਢਾ ਲਈ ਹੈ, ਤੇਰੀ ਚੜ੍ਹਦੀ ਜੁਆਨੀ ਵੇਖ ਕੇ ਮੇਰੇ ਦਿਲ ਵਿਚ ਆਉਂਦੀ ਹੈ। ਇਸ ਚੜ੍ਹੀ ਆ ਰਹੀ ਧਾੜ ਲਈ ਮੈਂ ਇਕੱਲਾ ਹੀ ਕਾਫ਼ੀ ਹਾਂ। ਤੁਸੀਂ ਚਾਰੇ ਜਾਣੇ ਇਕ ਪਾਸੇ ਨਿਕਲ ਜਾਉ ਤੇ ਰਾਇ ਸਿੰਘ ਦੀ ਜਾਨ ਬਚਾਉ।

ਉਸ ਚੜ੍ਹਦੀ ਜੁਆਨੀ ਵਾਲੇ ਸੁੰਦਰ ਗਭਰੂ ਨੇ ਕਿਹਾ ਕਿ ਇਸ ਭੀੜ ਪਈ ਤੇ, ਮੈਂ ਬਾਪ ਨੂੰ ਫਸਿਆ ਛਡ ਕੇ ਜਾਨ ਬਚਾ ਲਵਾਂ, ਧ੍ਰਿਗ ਹੈ ਐਸੇ ਪੁਤ ਤੇ ਉਸਦੀ ਜੁਆਨੀ ਤੇ। ਰਾਇ ਸਿੰਘ ਦਾ ਰਾਖਾ ਆਪ ਅਕਾਲ ਪੁਰਖ ਹੈ, ਮਾਰਨਾ ਤੇ ਰਖਣਾ ਉਸਦੇ ਹੱਥ ਹੈ। ਸਾਨੂੰ ਆਪਣੇ ਧਰਮ ਤੇ ਡਟਣਾ ਚਾਹੀਦਾ ਹੈ। ਪਰ ਬਾਪੂ ਜੀ, ਉਸ ਪੁੱਤਰ ਦੇ ਜੰਮਣ ਖੁਣੋਂ ਕੀ ਥੁੜਿਆ ਹੈ ਜੋ ਔਖੀ ਬਣੀ ਤੇ ਪਿਤਾ ਨੂੰ ਛਡ ਜਾਵੇ। ਤੁਹਾਡੇ ਵਲ ਨੂੰ ਆਉਂਦਾ ਤੀਰ ਜਾਂ ਗੋਲੀ ਛਾਤੀ ਉਤੇ ਮੈਂ ਝਲਾਂਗਾ, ਮੈਂ ਤੁਹਾਡੇ ਨਾਲ ਰਹਾਂਗਾ ਤੇ ਤੁਹਾਥੋਂ ਪਹਿਲਾਂ ਪੁਰਜ਼ਾ ਪੁਰਜ਼ਾ ਹੋ ਕੇ ਕਟ ਮਰਾਂਗਾ, ਪਰ ਜੱਦ-ਧਰੋਹੀ ਨਹੀਂ ਬਣਾਂਗਾ। ਮੈਂ "ਅਜੀਤ" ਤੇ "ਜੁਝਾਰ" ਦਾ ਭਰਾ ਹਾਂ, ਇਸ ਰਿਸ਼ਤੇ ਨੂੰ ਕਲੰਕਤ ਨਹੀਂ ਕਰਾਂਗਾ। ਨਥੇ ਨੇ ਪੁਤਰ ਨੂੰ ਘੁਟ ਕੇ ਗਲ ਨਾਲ ਲਾਇਆ ਤੇ ਕਿਹਾ ਕਿ ਮੈਂ ਅੱਜ ਸਪੁਤਾ ਹੋਇਆ ਹਾਂ। ਵਾਹਿਗੁਰੂ ਦਾ ਕੋਟ ਕੋਟ ਧੰਨਵਾਦ ਹੈ, ਜਿਸ ਨੇ ਮੈਨੂੰ ਇਹੋ ਜਿਹਾ ਪੁਤਰ ਦੇ ਕੇ ਐਡਾ ਭਾਗਵਾਨ ਬਣਾਇਆ ਹੈ ਤੇ ਨਾਲ ਹੀ ਸੂਰਮਗਤੀ ਵਿਖਾ ਕੇ ਸ਼ਹੀਦੀ ਮਰਤਬਾ ਹਾਸਲ ਕਰਨ ਦਾ ਸਮਾਂ ਬਖਸ਼ਿਆ ਹੈ। ਫਿਰ ਉਸ ਨੇ ਕਿਹਾ ਕਿ ਹੁਣ ਇਸ ਤੋਂ ਅੱਗੇ ਕੀ ਭਜਣਾ ਹੈ।

ਨਥੇ ਨੇ ਇਕ ਮਲ੍ਹਿਆਂ ਵਾਲੀ ਵੱਟ ਦਾ ਆਸਰਾ ਲਿਆ। ਉਸਦੇ ਇਕ ਪਾਸੇ ਉਸਦਾ ਪੁਤਰ ਤੇ ਮਜ਼ਬੀ ਬਹਿ ਗਏ, ਦੂਜੇ ਪਾਸੇ ਉਸਦਾ ਭਣੇਵਾਂ ਤੇ ਬਰਵਾਲਾ ਡਟ ਗਏ। ਰਾਇ ਸਿੰਘ ਨੂੰ ਪਿਛੇ ਕਰ ਲਿਆ। ਨਥੇ ਨੇ ਤੀਰ ਤੰਦੀ ਤੇ ਚਾੜ੍ਹ ਲਿਆ।

ਜਦ ਧਾੜ ਲਾਗੇ ਢੁਕੀ ਤਾਂ ਨੂਰੁਦੀਨ ਨੇ ਮੱਸੇ ਦੇ ਭਰਾਵਾਂ ਤੇ ਸਾਲਿਆਂ ਨੂੰ ਕਿਹਾ ਕਿ ਤਕੜੇ ਹੋ ਕੇ ਅੱਗੇ ਵਧੋ। ਹਥੀਂ ਮਾਰ ਕੇ ਬਦਲਾ ਲੈ ਲਵੋ। ਜੱਟ ਕਿਧਰੇ ਨਿਕਲ ਨਾ ਜਾਵੇ। ਜੰਡਿਆਲੀਏ ਨੂੰ ਵੀ ਨਾਲ ਲੈ



www.AKJ.Org

ਲਵੋ। ਰੰਘੜਾਂ ਦੀ ਧਾੜ "ਯਾ ਅਲੀ" ਦੇ ਨਾਅਰੇ ਲਾਉਂਦੀ ਹੋਈ ਅੱਗੇ ਵਧੀ। ਜੰਡਿਆਲੀਏ ਵੀ ਨਾਲ ਹੋਏ। ਇਹ ਸੈਂਕੜਿਆਂ ਦਾ ਤੁੰਮਣ ਸੀ। ਨਥਾ ਵੀ ਤਕੜਾ ਹੋ ਕੇ ਟੱਕਰਿਆ। ਅਸਲ ਵਿਚ ਇਹ ਮੁਕਾਬਲਾ ਨਥਾ ਇਕੱਲਾ ਹੀ ਕਰ ਰਿਹਾ ਸੀ। ਸਿਰਫ਼ ਉਸੇ ਪਾਸ ਹੀ ਤੀਰ ਕਮਾਨ ਸੀ। ਉਸਦੇ ਪੁਤਰ ਤੇ ਭਣੇਵੇਂ ਪਾਸ ਨੇਜ਼ੇ। ਬਰਵਾਲੇ ਪਾਸ ਤਲਵਾਰ ਤੇ ਮਜ਼੍ਹਬੀ ਪਾਸ ਸੋਟਾ ਹੀ ਸੀ। ਪਰ ਨਥੇ ਨੇ ਜਿਧਰ ਕਾਨੀ ਵਾਹੀ, ਉਲਟਾ ਕੇ ਥਲੇ ਮਾਰਿਆ, ਮੁੜ ਉਹ ਨਹੀਂ ਉਠਿਆ। ਜਦ ਇੰਜ ੭ ਕੁ ਨਾਮੀ ਰੰਘੜ ਡਿਗੇ ਤਾਂ ਸਾਰੇ ਪਿਛਾਂਹ ਨੂੰ ਨੱਸ ਤੁਰੇ। ਹਰ ਇਕ ਦੇ ਦਿਲ ਵਿਚ ਇਹ ਸੀ ਕਿ ਨਥੇ ਦਾ ਤੀਰ ਮੈਥੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵਜਣਾ। ਉਹ ਡਿਗਦੇ ਢਹਿੰਦੇ ਫੌਜਦਾਰ ਪਾਸ ਆ ਕੇ ਰੌਲਾ ਪਾਉਂਦੇ ਹੋਏ ਕਹਿਣ ਲੱਗੇ, "ਖਾਨ ਸਾਹਿਬ, ਦੁਹਾਈ ਜੇ। ਨਥੇ ਦੇ ਤੀਰ ਆਲ੍ਹੇ ਨਹੀਂ ਜਾਂਦੇ। ਅਸੀਂ ਇਕ ਦਾ ਬਦਲਾ ਲੈਣ ਆਏ ਸਾਂ, ਸਤ ਹੋਰ ਮਰਵਾ ਲਏ ਹਨ। ਸਾਨੂੰ ਕੁਮੌਤੇ ਨਾ ਮਰਵਾਉ। ਫੌਜ ਨੂੰ ਹੁਕਮ ਦਿਓ ਕਿ ਉਹ ਦੂਰੋਂ ਗੋਲੀ ਮਾਰ ਕੇ ਨਥੇ ਨੂੰ ਮਾਰੇ।" ਨੂਰਦੀਨ ਸੁਣ ਕੇ ਝੁੰਜਲਾ ਉਠਿਆ। ਉਸਨੇ ਸੌ ਸੌ ਤਾਅਨੇ ਦਿਤੇ, "ਰਾਜਪੂਤ ਅਖਵਾਉਂਦੇ ਹੋ। ਇਕੱਲੇ ਨਥੇ ਦੇ ਅੱਗੇ ਕੰਡ ਵਿਖਾ ਆਏ ਹੋ। ਕਿਉਂ ਪਾਜੀ ਬਣਦੇ ਹੋ। ਤੁਸੀਂ ਰੰਘੜ ਰਾਜਪੂਤ ਹੋ। ਤੁਹਾਥੋਂ ਜੱਟ ਨਹੀਂ ਕਾਬੂ ਆਉਂਦੇ? ਹੌਸਲਾ ਨਾ ਹਾਰੋ। ਜੇ ਤੁਹਾਥੋਂ ਇਹ ਜੱਟ ਨਾ ਮਰੇ ਤਾਂ ਸਿੰਘਾਂ ਤੋਂ ਕਿਵੇਂ ਬਦਲਾ ਲੈ ਸਕੋਗੇ?" ਨੂਰਦੀਨ ਨੇ ਸੌ ਸੌ ਹਲਾ ਸ਼ੇਰੀਆਂ ਦਿਤੀਆਂ, ਪਰ ਰੰਘੜਾਂ ਦਿਲ ਨਾ ਧਰਿਆ। ਜਦ ਜੰਡਿਆਲੀਆਂ ਨੂੰ ਅੱਗੇ ਹੋਣ ਲਈ ਕਿਹਾ ਤਾਂ ਉਹ ਵੀ ਸਿਰ ਫੇਰ ਗਏ।

ਅੰਤ ਫੌਜਦਾਰ ਨੇ ਆਪਣੀ ਫੌਜ ਤੇ ਬਾਕੀ ਲਾਮ-ਲਸ਼ਕਰ ਨੂੰ ਹੱਲਾ ਕਰਨ ਦਾ ਹੁਕਮ ਦਿਤਾ। ਇਹ ਲਲਕਾਰਦੇ ਹੋਏ ਅੱਗੇ ਵਧੇ। ਸੈਂਕੜੇ ਤੀਰ ਗੋਲੀਆਂ ਸ਼ੂਕਣ ਲੱਗੇ। ਅਗੋਂ ਇਕੱਲਾ ਨਥਾ ਹੀ ਤੀਰ ਚਲਾ ਰਿਹਾ ਸੀ। ਵੱਟ ਦਾ ਆਸਰਾ ਉਹਨੂੰ ਬਚਾਈ ਜਾ ਰਿਹਾ ਸੀ। ਪਰ ਉਸ ਦਾ ਵਾਰ ਖਾਲੀ ਨਾ ਗਿਆ। ਨੂਰਦੀਨ ਨੇ ਆਪਣੇ ਆਦਮੀ ਡਿਗਦੇ ਵੇਖ ਕੇ ਲਲਕਾਰਿਆ ਕਿ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਵਧ ਕੇ ਉਨ੍ਹਾਂ ਉਤੇ ਚੜ੍ਹ ਜਾਵੋ। ਇੰਜ ਦੂਰ ਖੜੇ ਕਿੰਨੇ ਕੁ ਮਰੀ ਜਾਵੋਗੇ? ਘੋੜ-ਸਵਾਰ ਸਰਪਟ ਘੋੜੇ ਭਜਾ ਕੇ ਅੱਗੇ ਵਧੇ। ਚਾਰ ਕੁ ਜਦ ਥਲੇ ਡਿਗੇ ਤਾਂ ਨਥੇ ਦੀ ਕਮਾਨ ਦੀ ਤੰਦੀ ਟੁਟ ਗਈ। ਪਰ ਉਸ ਨੇ ਹੌਸਲਾ ਨਾ ਹਾਰਿਆ, ਆਪਣੀ ਤਲਵਾਰ ਸੂਤ ਕੇ ਵੈਰੀਆਂ ਦੇ ਗਲ ਪੈ ਗਿਆ। ਅਨੋਖਾ ਹੀ ਘਮਸਾਨ ਮੱਚਿਆ ਹੋਇਆ ਸੀ। ਇਕ ਪਾਸੇ ਪੰਜ ਤੇ ਇਕ ਪਾਸੇ ਸੈਂਕੜੇ। ਲੜਦਾ ਲੜਦਾ ਮਰਦਾਂ ਵਾਂਗ ਸ਼ਹੀਦ ਹੋ ਗਿਆ। ਛਾਤੀ ਵਿਚ ਗੋਲੀ ਖਾ ਕੇ ਡਿਗਾ। ਲਾਗੇ ਹੀ ਉਸਦਾ ਪੁਤਰ ਲੜ ਰਿਹਾ ਸੀ, ਜਿਸਦਾ ਲੜਦੇ ਦਾ ਨੇਜ਼ਾ ਟੁਟ ਚੁਕਾ ਸੀ। ਉਸ ਨੇ ਆਪਣੇ ਪਿਤਾ ਵਾਲੀ ਤਲਵਾਰ ਫੜ ਲਈ ਤੇ ਨਾਲ ਦਿਆਂ ਨੂੰ ਲਲਕਾਰਦਾ ਵੈਰੀਆਂ ਦੇ ਗਲ ਪੈ ਗਿਆ।

ਨਥੇ ਦਾ ਭਣੇਵਾਂ ਤਾਂ ਕਿਵੇਂ ਨਾ ਕਿਵੇਂ ਅੱਖ ਬਚਾ ਕੇ ਨਿਕਲ ਗਿਆ।[੬] ਪਰ ਬਾਕੀ ਸ਼ਹੀਦ ਹੋ ਗਏ। ਨਥਾ ਜਿੰਨਾ ਚਿਰ ਲੜਦਾ ਰਿਹਾ, ਰਾਇ ਸਿੰਘ ਭਜ ਭਜ ਕੇ ਉਸਦੀਆਂ ਲਤਾਂ ਵਿਚ ਲੁਕਦਾ ਰਿਹਾ। ਜਦ ਨਥਾ ਗੋਲੀ ਖਾ ਕੇ ਡਿਗ ਪਿਆ ਤਾਂ ਰਾਇ ਸਿੰਘ "ਹਾਇ ਤਾਇਆ!" ਕਹਿ ਕੇ ਉਸਦੀਆਂ ਲਤਾਂ ਨਾਲ ਚਿੰਬੜਿਆ ਰਿਹਾ। ਵੈਰੀ ਘੋੜੇ ਭਜਾ ਕੇ ਲੋਥਾਂ ਉਤੇ ਆ ਚੜ੍ਹੇ। ਬਾਲਕ ਰਾਇ ਸਿੰਘ ਡਰ ਕੇ ਇਕ ਪਾਸੇ ਨਸਣ ਲੱਗਾ ਤਾਂ ਇਕ ਸਿਪਾਹੀ ਨੇ ਪਿਛਲੇ ਪਾਸਿਓਂ ਤਲਵਾਰ ਮਾਰੀ, ਜਿਸ ਨਾਲ ਉਹ ਧਰਤੀ ਤੇ ਡਿਗ ਪਿਆ। ਪਿਛਲੇ ਪਾਸਿਓਂ ਉਸ ਦੀ ਧੌਣ ਵਢੀ ਗਈ, ਪਰ ਅਗਲੇ ਪਾਸਿਓਂ ਉਸਦੀ ਸ਼ਾਹ ਰਗ ਬਚ ਗਈ। ਡਿਗੇ ਹੋਏ ਨੂੰ ਇਕ ਹੋਰ ਤਲਵਾਰ ਮਾਰੀ, ਜੋ ਉਸਦਾ ਮੋਢਾ ਚੀਰ ਗਈ। ਤੀਜਾ ਵਾਰ ਫਿਰ ਸਿਰ ਤੇ ਕੀਤਾ। ਵੈਰੀਆਂ ਸਮਝਿਆ ਕਿ ਬਾਲਕ ਰਾਇ ਸਿੰਘ ਮੌਤ ਦੇ ਘਾਟ ਉਤਾਰ ਦਿਤਾ ਹੈ। ਪਰ ਜਿਸ ਦਾ ਰੱਬ ਰਾਖਾ ਹੋਵੇ, ਉਸਨੂੰ ਕੌਣ ਮਾਰੇ।[੭]

ਫੌਜ ਤੇ ਰੰਘੜ ਆਪਣੇ ਵਲੋਂ ਰਾਇ ਸਿੰਘ ਨੂੰ ਮਾਰ ਕੇ ਸੁਟ ਗਏ। ਥੋੜੇ ਸਮੇਂ ਪਿਛੋਂ ਇਕ ਕੰਬੋਣੀ ਸਾਗ ਸਬਜ਼ੀ ਵੇਚ ਕੇ ਘਰ ਨੂੰ ਮੁੜਦੀ ਉਸ ਰਾਹੇ ਲੰਘੀ ਤਾਂ ਰਾਇ ਸਿੰਘ ਸਹਿਕ ਰਿਹਾ ਸੀ। ਇਸ ਰਹਿਮਦਿਲ ਮਾਈ ਨੇ ਪਛਾਣ ਲਿਆ। ਫਿਰ ਸੰਭਾਲ ਕੇ ਟੋਕਰੀ ਵਿਚ ਪਾ ਕੇ ਚੁਕ ਲਿਆ ਤੇ ਪਿੰਡ ਰੁਟਾਲੇ ਵਿਚ ਉਸਦੀ ਤਾਈ ਨੂੰ ਜਾ ਦਿਤਾ।[੮] ਇਕ ਫਟ-ਬੰਨ੍ਹ ਮੋਚੀ ਨੇ ਉਸ ਦੇ ਜ਼ਖ਼ਮ ਸੀ ਦਿਤੇ ਤੇ ਪਟੀਆਂ ਬੰਨ੍ਹ ਦਿਤੀਆਂ। ਇੰਜ ਕੁਝ ਦਿਨ



www.AKJ.Org

ਉਸ ਦਾ ਇਲਾਜ ਚਲਦਾ ਰਿਹਾ ਤੇ ਰਾਇ ਸਿੰਘ ਦੇ ਜ਼ਖਮ ਅੱਛੇ ਹੋ ਗਏ। ਉਹ ਬਚ ਗਿਆ।

ਰਾਇ ਸਿੰਘ ਵੱਡਾ ਹੋ ਕੇ ਆਪਣੇ ਬਾਪ ਵਾਂਗ ਹੀ ਪੰਥ ਦੀ ਸੇਵਾ ਵਿਚ ਮੁਹਿੰਮਾਂ ਮਾਰਨ ਲੱਗ ਪਿਆ। ਉਸਦਾ ਮੇਲ ਕਰੋੜਾ-ਸਿੰਘੀਆ ਮਿਸਲ ਦੇ ਸਰਦਾਰ ਸ਼ਾਮ ਸਿੰਘ ਨਾਰਲੇ ਵਾਲੇ ਨਾਲ ਹੋ ਗਿਆ। ਉਸਦੀ ਸੂਰਮਗਤੀ ਤੋਂ ਪ੍ਰਸੰਨ ਹੋ ਕੇ ਉਸ ਨਾਲ ਆਪਣੀ ਲੜਕੀ ਵਿਆਹ ਦਿਤੀ। ਰਾਇ ਸਿੰਘ ਦਾ ਪੁਤਰ ਰਤਨ ਸਿੰਘ ਭੰਗੂ ਹੋਇਆ ਹੈ, ਜਿਸ ਨੇ ਸਿਖ ਇਤਿਹਾਸ ਦਾ ਪ੍ਰਸਿਧ ਗ੍ਰੰਥ "ਪ੍ਰਾਚੀਨ ਪੰਥ ਪ੍ਰਕਾਸ਼" ਲਿਖਿਆ ਹੈ। ਇਸ ਦੀ ਔਲਾਦ ਵਿਚੋਂ ਕੁਝ ਟੱਬਰ ਮਾਨਾਂਵਾਲੇ ਰੇਲਵੇ ਸਟੇਸ਼ਨ ਪਾਸ, ਜੋ ਅੰਮ੍ਰਿਤਸਰ ਦੇ ਲਾਗੇ ਹੈ ਤੇ ਕਾਫ਼ੀ ਟੱਬਰ ਪਿੰਡ ਭਿੜੀ ਜ਼ਿਲਾ ਲੁਧਿਆਣਾ ਵਿਚ ਵਸਦੇ ਹਨ। [ਸਮਾਪਤ]

### ਆਖ਼ਰੀ ਕਿਸ਼ਤ ਦੇ ਹਵਾਲੇ ਤੇ ਫੁਟਨੋਟ

੬ "ਨਥਾ ਭਾਣਜਾ ਇਕ ਬਚਿਉ ਔਰ ਬਚਿਉ ਸਿੰਘ ਰਾਏ।" ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੨੨੮

੭ ਜਬ ਘੋੜਨ ਕੀ ਫੇਟਨ ਗੇਰਾ। ਗਰਦਨ ਪਰ ਮਾਰੀ ਸ਼ਮਸ਼ੇਰਾ।
ਗਰਦਨ ਕੱਟ ਕੇ ਘੰਡੀ ਰਹਾਈ। ਗਲ ਪਰ ਦੂਜੀ ਫੇਰ ਚਲਾਈ।
ਕਟ ਗਈ ਹੰਸਲੀ ਮੋਢੇ ਤਾਈਂ। ਤੀਜੀ ਸਿਰ ਪਰ ਫੇਰ ਲਗਾਈ।
ਕਾਟ ਮੋਢੇ ਤੇ ਜ਼ਮੀਂ ਧਸਾਈ। ਇਮ ਕਰ ਸ਼ਾਹ ਰਗ ਭਈ ਬਚਾਈ। ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੨੨੮

੮ ਪਿਤਾ ਹਮਾਰੇ ਕੀ ਥੀ ਤਾਈ। ਸੁਣ ਰੁਟਾਲੇ ਮੇਂ ਲੇ ਆਈ। ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੨੨੯
ਤਾਈ ਰਾਏ ਸਿੰਘ ਕੀ ਰੁਟਿਆਲੇ ਪਿੰਡ ਹੁਤੀ ਆਈ,
ਦੀਓ ਓਨ ਤਾਂਹਿ ਜਾਈ ਕਰਵਾਈ ਕਾਰੀ ਹੈ। ਗਿ: ਗਿਆਨ ਸਿੰਘ,ਪੰਥ ਪ੍ਰਕਾਸ਼, ਸਫਾ ੬੧੭

---

# ਮਹਾਨ ਇਨਕਲਾਬੀ ਸਤਿਗੁਰੂ

......ਗੁਰੂ ਸਾਹਿਬ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ। ਇਸ ਲਈ ਹੀ ਉਹਨਾਂ ਨੇ ਦੋ ਤਲਵਾਰਾਂ ਪਹਿਨੀਆਂ। ਇਹ ਦਾਹਵਾ ਕੀਤਾ ਜਾਂਦਾ ਹੈ ਕਿ ਸਿਖ ਲਈ ਧਰਮ ਤੇ ਰਾਜਨੀਤੀ ਇਕੱਠੀ ਹੈ। ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ **ਸਿੱਖੀ ਵਿਚ ਧਰਮ ਨਾ-ਕੇਵਲ ਰਾਜਨੀਤੀ ਦੀ ਹੀ ਅਧਾਰਸ਼ਿਲਾ ਹੈ ਬਲਕਿ ਜੀਵਨ ਦਾ ਹਰ ਪਹਿਲੂ ਵੀ। ਧਰਮ ਦੀ ਰੱਖਿਆ ਲਈ ਸ਼ਕਤੀ ਦਾ ਹੋਣਾ ਜ਼ਰੂਰੀ ਹੈ।** ਹਰਿਮੰਦਰ ਸਾਹਿਬ ਦੇ ਸਾਮ੍ਹਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਵੀ ਇਸ ਨੂੰ ਹੋਰ ਸਪਸ਼ਟ ਕਰਦੀ ਹੈ। ਹਰਿਮੰਦਰ ਸਾਹਿਬ ਨਿਰਬਾਣ ਤੇ ਅਖੰਡ ਕੀਰਤਨ ਲਈ ਹੈ, ਜਦੋਂ ਕਿ ਅਕਾਲ ਤਖਤ ਹਰ ਪ੍ਰਕਾਰ ਦੇ ਗੁਰਮਤਿਆਂ ਲਈ। ਪਹਿਲਾਂ ਹਰਿਮੰਦਰ ਸੀ, ਬਾਅਦ ਵਿਚ ਅਕਾਲ ਤਖ਼ਤ।.........

ਗੁਰੂ ਹਰਿ ਗੋਬਿੰਦ ਜੀ ਨੇ ਸਿਖ ਧਰਮ ਵਿਚ ਇਕ ਨਵਾਂ ਮੋੜ ਲਿਆਂਦਾ ਤੇ ਲੋਕਾਂ ਨੂੰ ਅਣਖ ਨਾਲ ਜੀਊਣ ਦਾ ਰਾਹ ਦਸਿਆ। ਉਹਨਾਂ ਨੇ ਸਪਸ਼ਟ ਕਰ ਦਿਤਾ ਕਿ **ਧਰਮ ਦੀ ਰੱਖਿਆ ਸ਼ਕਤੀ ਨਾਲ ਹੀ ਹੋ ਸਕਦੀ ਹੈ।** ਜੇ ਸ਼ਕਤੀ ਨਹੀਂ ਹੋਵੇਗੀ ਤਾਂ ਦੂਜੇ ਧਰਮ ਵਾਲੇ ਵਧ ਰਹੇ ਧਰਮ ਨੂੰ ਕੁਚਲਣ ਲਈ ਹਰ ਸੰਭਵ ਯਤਨ ਕਰਨਗੇ। ਉਨ੍ਹਾਂ ਦਾ ਉਪਦੇਸ਼ ਸੀ ਕਿ **ਗ਼ਰੀਬ ਦੀ ਰਖਿਆ ਕਰੋ ਤੇ ਜ਼ੁਲਮ ਦੀਆਂ ਸਭ ਜੜ੍ਹਾਂ ਉਖਾੜ ਦਿਓ।** ਜਿਥੇ ਉਹਨਾਂ ਨੇ ਸਿਖਾਂ ਦੀ ਫੌਜ ਤਿਆਰ ਕੀਤੀ ਉਥੇ ਉਹਨਾਂ ਨੇ ਭਾਰੀ ਧਰਮ ਪ੍ਰਚਾਰ ਵੀ ਕੀਤਾ ਤੇ ਕਈ ਧਾਰਮਿਕ ਸਥਾਨ ਵੀ ਬਣਵਾਏ। ਇਸ ਲਈ ਗੁਰੂ ਹਰਿ ਗੋਬਿੰਦ ਜੀ ਨੂੰ ਇਕ ਮਹਾਨ ਇਨਕਲਾਬੀ ਕਹਿਣਾ ਅਤਿਕਥਨੀ ਨਹੀਂ ਹੋਵੇਗਾ।

—ਸੱਚਖੰਡ ਪੱਤਰ, ਸਤੰਬਰ ੧੯੮੫, ਡਾ: ਮਨਮੋਹਨ ਸਿੰਘ ਜੀ ਦੇ ਲੇਖ ਵਿੱਚੋਂ)



www.AKJ.Org

# ਸਿਖ ਧਰਮ ਵਿਚ ਰਾਤ ਜਾਗਰਣ

## (ਰੈਣ ਸਬਾਈ ਕੀਰਤਨ)

[ ਵਲੋਂ : ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ) ]

ਕਈ ਸਿੱਖ ਵੀਰ ਇਹ ਤਰਕ ਕਰਦੇ ਸੁਣੇ ਜਾਂਦੇ ਹਨ ਕਿ ਸਿਖ ਧਰਮ ਵਿਚ ਸਾਰੀ ਰਾਤ ਜਾਗਣ ਦੀ ਕੋਈ ਲੋੜ ਨਹੀਂ ਤੇ ਰੈਣ ਸਬਾਈ ਕੀਰਤਨਾਂ ਦਾ ਸਿਖ ਧਰਮ ਵਿਚ ਕੋਈ ਸਥਾਨ ਨਹੀਂ ।

ਕੀ ਮੈਂ ਉਨ੍ਹਾਂ ਵੀਰਾਂ ਤੋਂ ਨਿਮ੍ਰਤਾ ਸਹਿਤ ਪੁਛ ਸਕਦਾ ਹਾਂ ਕਿ ਗੁਰਬਾਣੀ ਦੇ ਇਸ ਅਕੱਟ ਪ੍ਰਮਾਣ ਨੂੰ ਨਜ਼ਰ-ਅੰਦਾਜ਼ ਕਰ ਸਕਦੇ ਹੋ ?—

"ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥" (ਮਾਰੂ ਮ: ੫, ਪੰਨਾ ੧੦੧੮-

ਕੀ 'ਜਾਗਣਾ' ਰਾਤ ਦਾ ਮੰਨਿਆ ਗਿਆ ਹੈ ,ਜਾਂ ਦਿਨ ਦਾ ? ਦਿਨ ਨੂੰ ਤਾਂ ਹਰ ਕੋਈ ਜਾਗਦਾ ਹੈ । ਇਹ ਹੁਕਮ ਸਪਸ਼ਟ ਹਰੀ ਕੀਰਤਨ ਵਿਚ ਜਾਗਣ ਦਾ ਰਾਤ੍ਰੀ ਲਈ ਹੈ ।

ਗੁਰਮਤਿ ਦੇ ਮਹਾਨ ਫ਼ਿਲਾਸਫ਼ਰ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਰਾਜੇ ਹਰੀ ਚੰਦ ਦੀ ਰਾਣੀ ਦਾ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਜਾਣ, ਪਿਛੋਂ ਅੱਧੀ ਰਾਤੀ ਜਾਗ ਕੇ ਰਾਜੇ ਵਲੋਂ ਪਿੱਛਾ ਕਰਨ ਅਤੇ ਕੀਰਪਨ-ਅਸਥਾਨ ਤੋਂ ਰਾਣੀ ਦੀ ਇਕ ਖੜਾਂਵ ਚੁਕ ਕੇ ਲਿਆਉਣ ਦੀ ਇਉਂ ਸਾਖ ਭਰੀ ਹੈ—

ਸੁਖ ਰਾਜੇ ਹਰੀ ਚੰਦ ਘਰਿ, ਨਾਰ ਸੁ ਤਾਰਾ ਲੋਚਨ ਰਾਣੀ ॥
ਸਾਧ ਸੰਗਤਿ ਮਿਲਿ ਗਾਂਵਦੇ, ਰਾਤੀ ਜਾਇ ਸੁਣੈ ਗੁਰਬਾਣੀ ॥
ਪਿਛੋਂ ਰਾਜਾ ਜਾਗਿਆ, ਅੱਧੀ ਰਾਤ ਨਿਖੰਡ ਵਿਹਾਣੀ ॥...
ਰਾਣੀ ਪਹੁਤੀ ਸੰਗਤੀ, ਰਾਜੇ ਖੜੀ ਖੜਾਉਂ ਨੀਸਾਣੀ ॥ [ਵਾਰ ੧੦, ਪਉੜੀ ੬

ਕੀ ਇਸ ਪ੍ਰਸੰਗ ਤੋਂ ਸਿਰ ਫੇਰਿਆ ਜਾ ਸਕਦਾ ਹੈ ? 'ਅੱਧੀ ਰਾਤ ਨਿਖੰਡ ਵਿਹਾਣੀ' ਤੇ 'ਰਾਤੀ ਜਾਇ ਸੁਣੈ ਗੁਰਬਾਣੀ' ਦਾ ਕੀ ਅਰਥ ਹੈ ? ਕੀ ਇਹ ਪ੍ਰਸੰਗ ਰੈਣ ਸਬਾਈ ਕੀਰਤਨ ਦੀ ਗਵਾਹੀ ਨਹੀਂ ਭਰਦਾ, ਜੋ ਸਾਢੇ ਤਿੰਨ ਸੌ ਸਾਲ ਪਹਿਲੇ ਦੀ ਸਾਖ ਹੈ ?

ਹੋਰ ਲਓ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਇਕ ਸਦੀ ਪਹਿਲੇ, ਭਾਵ, ਪੰਦਰਵੀਂ ਸਦੀ ਵਿਚ ਹੋਏ ਭਗਤ ਸੈਣ ਨਾਈ, ਜਿਸ ਮਹਾਂ ਪੁਰਖ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਰੂਪਮਾਨ ਹੈ ਉਸ ਦੇ, ਰੈਣ ਸਬਾਈ ਕੀਰਤਨ ਵਿਚ ਸ਼ਾਮਲ ਹੋਣ ਤੇ ਪਰਮਾਤਮਾ ਦੇ ਸੈਣ ਰੂਪ ਵਿਚ ਆ ਕੇ ਰਾਜੇ ਦੀ ਸੇਵਾ ਕਰਨ ਦਾ ਪ੍ਰਸੰਗ ਵੀ ਭਾਈ ਗੁਰਦਾਸ ਜੀ ਦੀ ਰਚਨਾ ਵਿਚ ਹੈ—

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖ ਹੋਆ ਸੈਣੁ ਨਾਈ ॥
ਆਏ ਸੰਤ ਪਰਾਹੁਣੇ, ਕੀਰਤਨੁ ਹੋਆ ਰੈਣ ਸਬਾਈ ॥
(ਵਾਰ ੧੦, ਪਉੜੀ ੧੬)

ਸਿੱਧ ਹੁੰਦਾ ਹੈ ਕਿ ਰੈਣ ਸਬਾਈ ਕੀਰਤਨ ਦੀ ਪ੍ਰਥਾ ਤਾਂ ਪੁਰਾਤਨ ਜ਼ਮਾਨੇ ਤੋਂ ਚਲੀ ਆ ਰਹੀ ਹੈ ਤੇ ਹਮੇਸ਼ਾ ਹੀ ਪ੍ਰਭੂ-ਸਿਮਰਨ ਦੀ ਲਗਨ ਵਾਲੇ ਸਾਰੀ ਸਾਰੀ ਰਾਤ ਜਾਗ ਕੇ ਕੀਰਤਨ (ਪ੍ਰਭੂ-ਕੀਰਤੀ) ਦੀਆਂ ਝੜੀਆਂ ਲਾਉਂਦੇ ਰਹੇ ਹਨ ।

ਉਹ ਵੀਰ, ਜੋ ਤਰਕ ਕਰਦੇ ਹਨ, ਕੀ ਦਸਣ ਦੀ ਕਿਰਪਾ ਕਰਨਗੇ ਕਿ ਜੇ ਕਰ ਗੁਰਮਤਿ ਵਿਚ ਰਾਤੀ ਜਾਗ ਕੇ ਗੁਰਬਾਣੀ-ਕੀਰਤਨ ਕਰਨ ਦਾ ਕੋਈ ਸਥਾਨ ਨਹੀਂ ਤਾਂ ਸਿਨੇਮਿਆਂ ਦੇ ਗੰਦੇ ਗੀਤ ਸੁਣਨ ਦੀ ਇਜਾਜ਼ਤ ਹੈ ?

ਜੇਹੜੇ ਗੁਰਸਿਖ ਰੈਣ ਸਬਾਈ ਕੀਰਤਨ ਦੇ ਆਨੰਦ ਮਾਣਦੇ ਆਏ ਤੇ ਮਾਣ ਰਹੇ ਹਨ ਉਨ੍ਹਾਂ ਨੂੰ ਇਸ ਚਾਨਣ-ਰਾਹ ਤੋਂ ਕੋਈ ਨਹੀਂ ਹਟਾ ਸਕਦਾ । ਉਨ੍ਹਾਂ ਦੇ ਮਨ ਤੇ ਚੜ੍ਹੇ ਹੋਏ ਵਿਸਮਾਦੀ ਰੰਗ ਨੂੰ ਉਹੀ ਤਕ ਸਕਦਾ ਹੈ ਜਿਸ ਨੂੰ



www.AKJ.Org

ਰੰਗ ਚੜ੍ਹਿਆ ਹੈ । ਉਨ੍ਹਾਂ ਦੀ ਚਲੂਲੀ ਬਿਵਸਥਾ ਨੂੰ ਕੌਣ ਬਿਆਨ ਕਰ ਸਕਦਾ ਹੈ !

ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੭॥੫੧॥ (ਪੰਨਾ ੩੩੪)

ਉਸ ਸਤਸੰਗ–ਅਰਸ਼ੀ ਮੰਡਲੀ ਕੀਰਤਨ-ਅਖਾੜੇ ਵਿਚ ਇਸਥਿਤ ਹੋਈਆਂ ਸੰਗਤਾਂ ਦੀ ਸ਼ੋਭਾ ਕਲਮ ਲਿਖ ਨਹੀਂ ਸਕਦੀ ਤੇ ਜ਼ਬਾਨ ਬਿਆਨ ਨਹੀਂ ਕਰ ਸਕਦੀ–

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥ (ਪੰਨਾ ੧੩੭੦)

ਜਦੋਂ ਉਚੀਆਂ ਸੁਰਾਂ ਤੇ ਮਿਠੀਆਂ ਲੈਆਂ ਵਿਚ ਗੁਰਬਾਣੀ ਗਾਇਨ ਹੁੰਦੀ ਤੇ 'ਵਾਹਿਗੁਰੂ' 'ਵਾਹਿਗੁਰੂ' ਜਾਪ ਦੀ ਨਿਰੰਤਰ ਧੁਨੀ ਉਠਦੀ ਹੈ ਤਾਂ ਸਾਰਾ ਚੌਗਿਰਦਾ ਧਰਤ ਆਕਾਸ਼ ਤੇ ਪਾਤਾਲ ਗੂੰਜ ਉਠਦੇ ਹਨ । ਹਰ ਜ਼ੱਰੇ, ਹਰ ਅਣੂ ਵਿਚੋਂ ਨਿਰੰਕਾਰ ਦੀ ਸਿਫ਼ਤ ਕੀਰਤੀ ਹੁੰਦੀ ਸੁਣਾਈ ਦੇਂਦੀ ਹੈ ।

ਦਿਲੀ ਵਿਖੇ ਇਸ ਸਾਲ ੧੯੯੫ ਅਕਤੂਬਰ ਦੇ ਰੰਗ ਰਤੜੇ ਵਿਸਮਾਦੀ ਕੀਰਤਨ ਰੈਣ ਸਬਾਈ ਦਾ ਦ੍ਰਿਸ਼ ਅਦਭੁਤ ਤੇ ਅਨੂਠਾ ਸੀ । ਇਕ ਵਜੇ ਜਦੋਂ "ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ"* ਦੀ ਸੱਦ ਆਕਾਸ਼ਾਂ ਵਿਚ ਗੂੰਜ ਰਹੀ ਸੀ, ਪ੍ਰਭੂ ਦੀ ਨਦਰ ਕਰਮ ਪਾਤਰ ਬਣੀਆਂ ਸੰਗਤਾਂ ਨੈਣ ਮੁੰਦ ਕੇ ਅਗੰਮੀ ਰਸ ਪ੍ਰਾਪਤ ਕਰ ਰਹੀਆਂ ਸਨ । ਜਦੋਂ ਦੋ ਵਜੇ "ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ"† ਦਾ ਅਲਾਪ ਹੋਇਆ ਤੇ ਨਾਲ ਹੀ 'ਵਾਹਿਗੁਰੂ' 'ਵਾਹਿਗੁਰੂ' ਦੀ ਧੁਨੀ ਉਠੀ ਤਾਂ ਸਾਰਾ ਬ੍ਰਹਮੰਡ ਹੀ ਪ੍ਰਭੂ-ਕੀਰਤੀ ਵਿਚ ਜੁੜਿਆ ਪ੍ਰਤੀਤ ਹੋ ਰਿਹਾ ਸੀ ਤੇ ਅਰਸ਼ੋਂ ਅੰਮ੍ਰਿਤ-ਰਸ ਚੋ ਰਿਹਾ ਸੀ । ਲੇਖਕ ਦੇ ਪਿਛੇ ਬੈਠੇ ਇਕ ਗੁਰਮੁਖ ਪਿਆਰੇ ਦੀ ਐਸੀ ਚਲੂਲੀ ਅਵਸਥਾ ਹੋ ਗਈ ਕਿ ਕਾਫ਼ੀ ਸਮਾਂ ਸਿਮਰਨ-ਸਮਾਧ ਵਿਚ ਨਾਮ ਦਾ ਖੰਡਾ ਖੜਕਦਾ ਵੇਖਣ ਵਿਚ ਆਇਆ ।

ਇਨ੍ਹਾਂ ਸਤਸੰਗ ਮੰਡਲਾਂ ਵਿਚ ਜਾ ਕੇ ਕੋਈ ਦਰਸ਼ਨ ਕਰੇ ਤਾਂ ਪ੍ਰਤੀਤੀ ਆਵੇ ਕਿ ਬਾਣੀ ਦੇ ਅਣਿਆਲੇ ਤੀਰ ਕਿਵੇਂ ਹਿਰਦਿਆਂ ਨੂੰ ਵਿੰਨ੍ਹ ਕੇ ਨਾਮ ਰੂਪੀ ਅੰਮ੍ਰਿਤ ਦਾ ਹਿਰਦੇ ਵਿਚ ਸੰਚਾਰ ਕਰਦੇ ਹਨ ।

ਜਿਥੋਂ ਤਕ ਲੇਖਕ ਦਾ ਵਿਚਾਰ ਹੈ, ਇਸ ਕੀਰਤਨ-ਪਰਪਾਟੀ ਨੇ ਹਜ਼ਾਰਾਂ ਗੁਰਸਿੱਖਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਗੁਰਸਿੱਖੀ-ਜੀਵਨ-ਜੁਗਤ ਪ੍ਰਦਾਨ ਕੀਤੀ ਹੈ ।

ਇਨ੍ਹਾਂ ਕੀਰਤਨ-ਸਮਾਗਮਾਂ (ਵਿਸ਼ੇਸ਼ ਕਰਕੇ ਦਿੱਲੀ) ਵਿਚ ਅਜਿਹੇ ਗੁਰਬਾਣੀ ਦੇ ਆਸ਼ਕ-ਭੌਰਿਆਂ ਦੇ ਦਰਸ਼ਨ ਇਹ ਸਰੀਰ ਹਰ ਸਾਲ ਕਰਦਾ ਹੈ । ਜੋ ਅਰੰਭ ਤੋਂ ਚੌਕੜਾ ਲਗਾ ਕੇ ਸਾਰੀ ਰਾਤ ਗੋਡਾ ਤਕ ਨਹੀਂ ਹਿਲਾਉਂਦੇ । ਅੰਮ੍ਰਿਤ ਵੇਲੇ ਪੰਜ ਵਜੇ ਜਦੋਂ "ਕੀਰਤਨੁ ਹੋਆ ਰੈਣ ਸਬਾਈ" ਦਾ ਅਲਾਪ ਸ੍ਰਵਣ ਕਰਦੇ ਹਨ ਤਾਂ ਨੈਣਾਂ ਦੇ ਪਟ ਖੋਲ੍ਹਦੇ ਹਨ ।

ਇਹ ਅਤਕਥਨੀ ਨਹੀਂ ਕਿ ਇਹ ਰੈਣ ਸਬਾਈ ਕੀਰਤਨ ਦੀਆਂ ਗੁੰਜਾਰਾਂ ਪਾਣ ਵਾਲੇ, ਰਹਿਤ ਬਹਿਤ ਦੇ ਧਾਰਨੀ ਗੁਰਸਿੱਖ, ਦਰਸ਼ਨੀ ਚੇਹਰਿਆਂ ਵਾਲੇ, "ਖਾਣਾ ਖਾਜ ਅਹਾਜੁ" ਦੇ ਚਸਕਿਆਂ ਤੋਂ ਕੋਹਾਂ ਦੂਰ, ਅੰਮ੍ਰਿਤ ਭੋਜਨ ਅਲਪ ਅਹਾਰੀ, ਗੁਰੂ ਬਖਸ਼ਸ਼ਾਂ ਦੇ ਪਾਤਰ ਉਹ ਗੁਰਸਿੱਖ ਹੁੰਦੇ ਹਨ ਜੋ ਨਿਰਚਾਹ ਹੋ ਕੇ ਸੰਗਤਾਂ ਨੂੰ ਕੀਰਤਨ ਸ੍ਰਵਣ ਕਰਾਂਦੇ ਤੇ ਆਪ ਰਸ ਮਾਣਦੇ ਹਨ ਅਤੇ ਦਸਾਂ ਨਹੁੰਆਂ ਦੀ ਕਿਰਤ ਦੁਆਰਾ ਜੀਵਨ-ਨਿਰਬਾਹ ਕਰਦੇ ਹਨ ।

ਇਹ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਰੈਣ ਸਬਾਈ ਕੀਰਤਨ-ਸਮਾਗਮਾਂ ਤੋਂ ਪ੍ਰੇਰਨਾ ਲੈ ਕੇ ਅਨੇਕਾਂ ਹੀ ਪ੍ਰਾਣੀ ਗੁਰੂ ਵਾਲੇ ਬਣਦੇ ਤੇ ਆਪਣਾ ਅਗਲਾ ਜੀਵਨ ਰਹਿਤ ਬਹਿਤ ਵਿਚ ਪ੍ਰਪਕ ਹੋ ਕੇ ਗੁਜ਼ਾਰਨਾ ਦ੍ਰਿੜ੍ਹ ਕਰ ਜਾਂਦੇ ਹਨ ।

ਅੰਤ ਵਿਚ ਦਾਸ ਉਨ੍ਹਾਂ ਵੀਰਾਂ ਦੀ ਸੇਵਾ ਵਿਚ ਪੁਰ-ਜ਼ੋਰ ਬੇਨਤੀ ਕਰਦਾ ਹੈ ਕਿ ਇਕ ਵਾਰੀ (ਚਾਹੇ ਥੋੜੇ ਸਮੇਂ ਲਈ ਹੀ) ਇਨ੍ਹਾਂ ਸਮਾਗਮਾਂ ਦੇ ਦਰਸ਼ਨ ਕਰ ਵੇਖੋ, ਘੁੰਤਰਾਂ ਓਥੇ ਹੀ ਸਮਾਪਤ ਹੋ ਜਾਣਗੀਆਂ ।

---

* ਵਡਹੰਸ ਮ: ੫ ਛੰਤ, ਪੰਨਾ ੫੭੭ । † ਆਸਾ ਮ: ੩ ਛੰਤ, ਪੰਨਾ ੪੪੧ ।



www.AKJ.Org

ਸੰਪਾਦਕੀ ਨੋਟ :—"ਰੈਣ ਸਬਾਈ ਕੀਰਤਨ" ਇਕ ਮਹਾਨ ਤੱਪ ਤੇ ਮਹਾਨ ਜਗ ਹੈ। ਰੈਣ-ਸਬਾਈ ਕੀਰਤਨ ਵਿਚ ਜੁੜ ਬੈਠਣਾ, ਬਾਣੀ ਦੇ ਅੰਮ੍ਰਿਤ-ਰਸ ਭੁੰਚਣਾ ਅਤੇ ਗੁਰੂ-ਚਰਨਾਂ ਵਿਚ ਲਿਵ ਜੋੜਨਾ ਜੀਵਨ ਦਾ ਉਤਮ ਫਲ ਹੈ। ਇਹ ਅਉਸਰ ਮਹਾਨ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ। ਅੰਮ੍ਰਿਤ ਬਾਣੀ ਦੇ ਇਹ ਇਲਾਹੀ ਛਾਂਦੇ ਭੁੰਚਣਾਰਿਆਂ ਲਈ ਕਈ-ਕਈ ਦਿਨ ਅਨੂਠੇ ਰੰਗਾਂ ਦਾ ਰਸ ਅੰਦਰ ਬਾਹਰ ਛਾਇਆ ਰਹਿੰਦਾ ਹੈ ਅਤੇ ਅੰਦਰ ਕੋਈ ਠੰਢ ਜਿਹੀ ਵਰਤੀ ਪ੍ਰਤੀਤ ਹੁੰਦੀ ਹੈ।

ਧੰਨਤਾ ਯੋਗ ਹਨ ਉਹ ਗੁਰੂ-ਪਿਆਰੇ, ਜੋ ਇਨ੍ਹਾਂ ਰੈਣ-ਸਬਾਈ-ਕੀਰਤਨਾਂ ਦੇ ਉਪਰਲੇ ਕਰਦੇ ਕਰਾਂਦੇ ਹਨ ਅਤੇ ਗੁਰਸਿਖ ਸੰਗਤਾਂ ਨੂੰ ਕੀਰਤਨ ਨਾਲ ਜੋੜਦੇ ਹਨ। ਪਰ ਅਜ ਕਲ ਕਈ ਥਾਈਂ ਵੇਖਣ ਵਿਚ ਆ ਰਿਹਾ ਹੈ ਕਿ ਦਿਖਾਵਾ ਤੇ ਪ੍ਰਾਪੇਗੰਡਾ ਕਰਨ ਵਾਲੇ ਕਈ ਰਸਮੀ ਕੀਰਤਨ ਦਰਬਾਰਾਂ ਵਾਂਗ ਇਹ ਰੈਣ ਸਬਾਈ ਕੀਰਤਨ ਵੀ ਰਸਮੀ ਤੌਰ ਤੇ ਕੀਤੇ ਪ੍ਰਚਾਰੇ ਜਾ ਰਹੇ ਹਨ।

ਹੋਵੇ ਰੈਣ ਸਬਾਈ ਕੀਰਤਨ ਅਤੇ ਸਿਖ ਸੰਗਤਾਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਲੰਮੀਆਂ ਪਸਾਰ ਕੇ ਸੁਤੀਆਂ ਹੋਣ ਅਤੇ ਕੀਰਤਨੀਆ ਵੀ ਕੋਈ ਕੋਈ ਟਾਵਾਂ ਨਜ਼ਰ ਆਉਂਦਾ ਹੋਵੇ! ਸਭ ਆਪੋ ਆਪਣੇ ਡੇਰਿਆਂ ਵਿਚ ਮੰਜਿਆਂ ਨੂੰ ਭਾਗ ਲਾ ਰਹੇ ਹੋਣ! ਅਜਿਹੇ ਕੀਰਤਨ-ਪ੍ਰੋਗਰਾਮ ਰਖਣੇ ਗੁਰਬਾਣੀ ਦੀ ਬੇਅਦਬੀ ਹੈ।

ਗੁਰੂ ਕੇ ਚਰਨ-ਕੰਵਲਾਂ ਦੇ ਭੌਰਿਓ! ਜ਼ਰਾ ਸੋਚੀਏ ਤਾਂ ਸਹੀ, ਸ਼ਮ੍ਹਾ ਜਗਦੀ ਹੋਵੇ, ਲੱਟ ਲੱਟ ਬਲਦੀ ਹੋਵੇ ਅਤੇ ਪਤੰਗੇ ਸ਼ਮ੍ਹਾ ਦੇ ਲਾਗੇ, ਇਕ-ਪਾਸੇ ਸੁਤੇ ਪਏ ਹੋਣ। ਇਹ ਕਿਉਂ? ਪਤੰਗੇ ਨੇ ਤਾਂ ਸ਼ਮ੍ਹਾ ਦੁਆਲੇ ਘੁਮਾਟਣੀਆਂ ਲੈਣੀਆਂ ਹਨ ਅਤੇ ਉਸ ਤੋਂ ਆਪਾ ਕੁਰਬਾਨ ਕਰ ਦੇਣਾ ਹੈ। ਹੁੰਦੇ ਕੀਰਤਨ ਵਿਚ ਲੱਤਾਂ ਲਮਿਆਰ ਕੇ ਸੌਣਾ ਗੁਰਸਿਖਾਂ ਨੂੰ ਸੋਭਦਾ ਨਹੀਂ।

ਰੈਣ-ਸਬਾਈ ਕੀਰਤਨ ਕਰ ਕੇ ਸਿਖ ਨੇ ਨਿਤ ਦੀ ਕਾਰ, ਅੰਮ੍ਰਿਤ ਵੇਲੇ ਦੀ ਸੰਭਾਲ ਵਲੋਂ ਅਵੇਸਲੇ ਨਹੀਂ ਹੋਣਾ। ਕੀਰਤਨ ਸ੍ਰਵਣ ਕਰਨ ਪਿਛੋਂ ਚੜ੍ਹਦੀਆਂ ਕਲਾਂ ਵਿਚ ਵਿਚਰਨਾ ਹੈ, ਢਿਲਿਆਈ ਨੇੜੇ ਨਹੀਂ ਫਟਕਣੀ ਚਾਹੀਦੀ। ਗੁਰਸਿਖ ਸੇਵਕਾਂ ਨੇ ਤਾਂ ਨਿਤ ਅੰਮ੍ਰਿਤ ਵੇਲੇ, ਪਿਛਲੀ ਰਾਤ ਇਸਨਾਨੇ ਸੋਧ ਕੇ ਨਾਮ-ਅੰਮ੍ਰਿਤ-ਰਸ ਅਤੇ ਅੰਮ੍ਰਿਤ ਬਾਣੀਆਂ ਦੇ ਨਿਤਨੇਮ ਵਿਚ ਸਰਸ਼ਾਰ ਹੋਣ ਹੈ।

---

# ਸਿੱਖ ਜੀਂਦਾ ਵੀ ਅੰਮ੍ਰਿਤਸਰ ਤੇ ਮਰਦਾ ਵੀ ਅੰਮ੍ਰਿਤਸਰ ਹੈ

ਰਾਜਪਾਲ ਪੰਜਾਬ ਨੇ ਇਕ ਗੁਰਸਿੱਖ ਨੂੰ ਇਕ ਵੱਡੇ ਅਹੁਦੇ ਦੀ ਪੇਸ਼ਕਸ਼ ਕਰਦਿਆਂ ਪੁੱਛਿਆ, "ਕੀ ਤੁਸੀਂ ਅੰਮ੍ਰਿਤਸਰ ਜਾਣ ਲਈ ਤਿਆਰ ਹੋ?"

ਗੁਰਸਿੱਖ ਨੇ ਹੈਰਾਨੀ ਨਾਲ ਪੁੱਛਿਆ, "ਤੁਹਾਨੂੰ ਇਹ ਪੁੱਛਣ ਦੀ ਲੋੜ ਕਿਉਂ ਪਈ?"

ਰਾਜਪਾਲ ਸਾਹਿਬ ਨੇ ਉੱਤਰ ਦਿਤਾ, "ਬਈ, ਉਹ ਤਾਂ ਗੜਬੜ ਦਾ ਮਰਕਜ਼ ਹੈ, ਇਸ ਲਈ......।"

ਗੁਰਸਿੱਖ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ, "**ਸਿੱਖ ਜੀਂਦਾ ਵੀ ਅੰਮ੍ਰਿਤਸਰ ਹੈ ਤੇ ਮਰਦਾ ਵੀ ਅੰਮ੍ਰਿਤਸਰ ਹੈ।**" ਅੰਮ੍ਰਿਤਸਰ ਜਾਣ ਵਿਚ ਖੁਸ਼ੀ ਹੈ, ਡਰ ਕੋਈ ਨਹੀਂ।"

---

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਤੇ, ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

(੨) **ਪਰਚੇ ਗੁੰਮ**—ਪਰਚੇ ਡਾਕ ਵਿਚ ਕਾਫ਼ੀ ਗੁੰਮ ਹੁੰਦੇ ਹਨ। ਮਹੀਨੇ ਦੇ ਅੱਧ ਤਕ ਜੇ ਆਪ ਨੂੰ ਪਰਚਾ ਨਾ ਪੁਜੇ ਤਾਂ ਹੋਰ ਪਰਚਾ ਭੇਜਣ ਲਈ ਸਾਨੂੰ ਪੱਤਰ ਲਿਖੋ। ਅਸੀਂ ਹੋਰ ਪਰਚਾ ਉਦੋਂ ਹੀ ਭੇਜ ਦੇਵਾਂਗੇ।



www.AKJ.Org

ਡਾ: ਜਸਵੰਤ ਸਿੰਘ ਜੀ ਨੇਕੀ

## ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ

ਮੈਂ ਸਦਾ ਇਹੋ ਸਮਝਦਾ ਆਇਆ ਹਾਂ
ਕਿ ਵਸਤਾਂ ਉਪਰ ਮੇਰੀ ਮਾਲਕੀ ਹੈ—
ਪਰ ਅਜ ਮੈਂ ਆਪ ਇਹਨਾਂ ਤੋਂ ਪਹਿਲਾਂ
ਨਿਬੜ ਚਲਿਆ ਹਾਂ।
ਇਹ ਬੇਜ਼ਬਾਨ ਵਸਤਾਂ
ਜਦ ਆਪਣੇ ਮਾਲਕਾਂ ਤੋਂ ਅੱਕ ਜਾਂਦੀਆਂ ਹਨ
ਤਾਂ ਚੁਪ ਕੀਤੀਆਂ
ਉਹਨਾਂ ਨੂੰ ਬਦਲ ਲੈਂਦੀਆਂ ਹਨ।
ਅਤੇ
ਇਸ ਕਦੀਮੀ ਬੁਤਖ਼ਾਨੇ ਵਿਚ
ਸਦਾ ਮਾਲਕਾਂ ਦੀ ਬਦਲੀ ਹੁੰਦੀ ਆਈ ਹੈ।
ਜਿਸ ਸੋਗਵਾਨ ਤਖ਼ਤ ਉਤੇ
ਇਕ ਦਿਨ ਮੇਰੇ ਪਿਤਾਮੇ ਬਿਰਾਜੇ ਸਨ,
ਅਜ ਉਸੇ ਤਖ਼ਤ ਉਤੇ ਬੈਠਾ,
ਮੈਂ ਰਾਜਿਆਂ ਪਾਸੋਂ ਸਲਾਮ ਮੰਗਦਾ ਹਾਂ।

## ਹਉਮੈ ਕਰਿ ਕਰਿ ਜਤੁ ਉਪਾਇਆ

ਤੁਸੀਂ ਨਹੀਂ ਜਾਣਦੇ,
ਜਿਤਨਾ ਅੱਗ ਨੂੰ ਸੜਨ ਦਾ ਦੁਖ ਹੈ,
ਤੇ ਪਾਣੀ ਨੂੰ ਠਰਨ ਦਾ,
ਉਤਨਾ ਮੈਨੂੰ
ਆਪਣੇ ਨਾਮ ਦਾ ਦੁਖ ਹੈ—
ਨਾਮ ਜੋ ਮੈਂ ਆਪ ਨਹੀਂ ਸਹੇੜਿਆ,
ਪਰ ਜਿਸਨੂੰ ਮੈਂ
ਆਪਣੀ ਹੋਂਦ ਨਾਲ ਚੁਕੀ ਫਿਰਿਆ ਹਾਂ,
ਤੇ ਫਿਰ ਆਪਣੀ ਲੋਥ ਨਾਲ ਚੁਕੀ ਫਿਰਾਂਗਾ।
ਮਿੱਟੀ ਸੜ ਕੇ ਸੁਆਹ ਵੀ ਹੋ ਜਾਵੇਗੀ
ਪਰ ਨਾਮ ਫਿਰ ਵੀ ਸੁਲਗਦਾ ਰਹੇਗਾ,
ਤੇ ਮੇਰੀ ਮੌਤ ਨੂੰ ਜੀਉਂਦਿਆਂ ਰਖੇਗਾ।
ਤ੍ਰਿਸ਼ਨਾ ਮੇਰੇ ਜਨਮ ਦਾ ਦੁਖ ਸੀ,
ਤੇ ਨਾਮ ਮੇਰੀ ਮੌਤ ਦਾ ਦੁੱਖ ਬਣੇਗਾ।

# ਅਮਰ ਸ਼ਹੀਦ—ਦਸਮੇਸ਼ ਦੁਲਾਰੇ

[ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ']

ਕਿਸੇ ਜੀਤਖ਼ਾਨ ਤੋਂ 'ਅਜੀਤ' ਗਿਆ ਜਿਤਿਆ ਨਾ, ਹਾਰ ਗਈ ਹਾਰ, ਪਰ ਅਜੀਤ ਨਹੀਂ ਹਾਰਿਆ।
ਸ਼ੇਰ ਵਾਂਗ ਗਰਜਿਆ ਮੈਦਾਨੇ-ਚਮਕੌਰ ਵਿਚ, ਵੈਰੀ-ਦਲ ਵਿਚ ਪਾ ਦਿੱਤੀ ਹਾਲ ਪਾਹਰਿਆ।
ਕੱਦੂ ਵਾਂਗ ਸਿਰ ਉਹਦਾ ਕੱਟਿਆ ਤਲਵਾਰ ਨਾਲ, ਜਿਸ ਨੇ ਵੀ ਵਿਚ ਮੈਦਾਨ ਦੇ ਵੰਗਾਰਿਆ।
ਆਣ ਅਣਖ ਦੇਸ਼ ਦੀ ਬਚਾਣ ਲਈ ਵਾਰੀ ਜਾਨ, ਅਰਸ਼ਾਂ ਤੋਂ 'ਮਿੱਤਰ' ਦੇਵੀ ਦੇਵਾਂ ਨਮਸਕਾਰਿਆ।੧।

ਜੂਝਿਆ 'ਜੁਝਾਰ' ਪਈ ਰਣ ਵਿਚ ਹਾਹਾਕਾਰ, ਵੱਡੇ ਵੱਡੇ ਜੋਧਿਆਂ ਦੀ ਕਬ ਜਿੰਦ ਜਾਨ ਗਈ।
ਆਹੂ ਲਾਹੇ ਜ਼ਾਲਮਾਂ ਦੇ ਰੱਜ ਰਣਖੇਤ ਵਿਚ, ਲਾਲ ਹੋਈ ਧਰਤ ਮਾਨੋ ਹੋ ਲਹੂ ਲੁਹਾਨ ਗਈ।
ਕਰਦੀ ਗਈ ਸਫ਼ ਵੈਰੀ-ਦਲ ਨੂੰ ਦਰਖ਼ਤਾਂ ਵਾਂਗ, ਜੇਹੜੇ ਪਾਸੇ ਚਲਦੀ ਸੀ ਸ਼ੇਰ ਦੀ ਕਿਰਪਾਨ ਗਈ।
ਗਈ ਰੂਹ ਅੰਤ ਸੱਚਖੰਡ ਨੂੰ ਉਡਾਰੀ ਮਾਰ, ਸਦਾ ਲਈ ਦੇਸ਼ ਉੱਤੇ ਕਰ ਅਹਿਸਾਨ ਗਈ।੨।

ਜਦੋਂ ਤੀਕ ਕਾਇਮ ਨੇ ਸੂਰਜ ਤੇ ਚੰਨ ਤਾਰੇ, ਤਦੋਂ ਤੀਕ ਅਮਰ ਯਾਦ ਰਹੇਗੀ ਦੁਲਾਰਿਆਂ ਦੀ।
ਤਾਰਿਆਂ ਦੇ ਵਾਂਗ ਕਰੂ ਚਾਨਣ ਹਨੇਰੇ ਵਿਚ, ਅਮਰ-ਕਹਾਣੀ ਦਸਮੇਸ਼ ਅੱਖ-ਤਾਰਿਆਂ ਦੀ।
ਖ਼ੂਨ ਨਾਲ ਲਿਖੀ ਇਤਿਹਾਸ ਦਿਆਂ ਪੰਨਿਆਂ ਤੇ, ਉਲੀਕੀ ਹੋਈ ਰਾਹ ਇਨ੍ਹਾਂ ਰੱਬ ਦੇ ਪਿਆਰਿਆਂ ਦੀ।
ਚੁਕ ਚੁਕ ਲਾਵੇ ਮੱਥੇ ਚਰਨ-ਰਜ 'ਮਿੱਤਰ' ਵੀ, 'ਅਜੀਤ' ਤੇ 'ਜੁਝਾਰ' ਜੋਰਾਵਰ' 'ਫ਼ਤਹ' ਸਾਰਿਆਂ ਦੀ।੩।



www.AKJ.Org

# ਇਕ ਦਰਦੀਲੀ ਯਾਦ

[ਸ: ਬਰਜਿੰਦਰ ਸਿੰਘ ਜੀ]

ਪਹਿਲੀ ਨਵੰਬਰ ਦਾ ਦਿਨ ਸੋਗ ਭਰਿਆ ਦਿਨ ਹੈ। ਪਿਛਲੇ ਵਰ੍ਹੇ ਇਸ ਦਿਨ ਅਤੇ ਇਸ ਤੋਂ ਬਾਅਦ ਕੁਝ ਦਿਨ ਦੇਸ਼ ਵਿਚ ਜੋ ਕੁਝ ਵਾਪਰਦਾ ਰਿਹਾ, ਉਹ ਸਾਡੇ ਪਰਜਾਤੰਤਰੀ ਮੁਖੜੇ ਤੇ ਇਕ ਵੱਡਾ ਕਾਲਾ ਧੱਬਾ ਬਣ ਕੇ ਸਦਾ ਲਈ ਸਥਾਪਤ ਹੋ ਗਿਆ ਹੈ। ਪਿਛਲੇ ਸਾਲ ੩੧ ਅਕਤੂਬਰ ਨੂੰ ਸ੍ਰੀਮਤੀ ਇੰਦਰਾ ਗਾਂਧੀ ਕਤਲ ਹੋਏ। ਸ੍ਰੀ ਅਕਾਲ ਤਖਤ ਸਾਹਿਬ ਦੀ ਤਬਾਹੀ ਨੂੰ ਨਾ ਸਹਾਰਦਿਆਂ ਹੋਇਆਂ ਪ੍ਰਧਾਨ ਮੰਤਰੀ ਦੇ ਹੀ ਦੋ ਸੁਰੱਖਿਆ ਗਾਰਡਾਂ ਨੇ ਉਨ੍ਹਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿਤਾ। ਪਰ ਉਸ ਤੋਂ ਬਾਅਦ ਜੋ ਕੁਝ ਸਾਰੇ ਮੁਲਕ ਵਿਚ ਰਸਦੀ-ਵਸਦੀ ਸਿੱਖ ਕੌਮ ਨਾਲ ਵਾਪਰਿਆ, ਉਹ ਅਤਿ ਘਿਨਾਉਣਾ ਸੀ। ਹਾਕਮ ਪਾਰਟੀ ਦੇ ਕੁਝ ਮਹੱਤਵਪੂਰਨ ਵਿਅਕਤੀਆਂ ਦੇ ਭੜਕਾਏ ਹੋਏ ਗੁੰਡਿਆਂ ਨੇ ਦੇਸ਼ ਦੇ ਵੱਖ-ਵੱਖ ਹਿਸਿਆਂ ਵਿਚ ਸਿੱਖਾਂ ਨੂੰ ਆਪਣੀ ਹਿੰਸਾ ਦਾ ਸ਼ਿਕਾਰ ਬਣਾਇਆ। ਹਜ਼ਾਰਾਂ ਹੀ ਵਿਅਕਤੀ ਅਨਭੋਲ ਹੀ ਸ਼ਹੀਦ ਕਰ ਦਿਤੇ ਗਏ। ਸਿੱਖਾਂ ਨਾਲ ਸੰਬੰਧਤ ਕਰੋੜਾਂ ਦੀ ਸੰਪਤੀ ਸਾੜ ਕੇ ਸੁਆਹ ਕਰ ਦਿਤੀ। ਇਥੇ ਹੀ ਬਸ ਨਹੀਂ, ਪਵਿੱਤਰ ਗੁਰਦੁਆਰਿਆਂ ਦੀ ਵੀ ਬੇਅਦਬੀ ਕੀਤੀ ਗਈ। ਅਜਿਹਾ ਕੁਝ ਉਨ੍ਹਾਂ ਵਿਅਕਤੀਆਂ ਦੇ ਇਸ਼ਾਰੇ ਤੇ ਕੀਤਾ ਗਿਆ ਜੋ ਹਾਕਮ ਪਾਰਟੀ ਵਿਚ ਬੜਾ ਮਹੱਤਵਪੂਰਨ ਦਰਜਾ ਰਖਦੇ ਸਨ।

ਹੁਣ ਤਕ ਜੋ ਵੱਖ-ਵੱਖ ਸੰਸਥਾਵਾਂ ਰਾਹੀਂ ਰਿਪੋਰਟਾਂ ਤਿਆਰ ਕੀਤੀਆਂ ਗਈਆਂ ਹਨ, ਉਨ੍ਹਾਂ ਤੋਂ ਇਹੀ ਸਪੱਸ਼ਟ ਹੁੰਦਾ ਹੈ ਕਿ ਇਹ ਸਭ ਕੁਝ ਬੜੇ ਹੀ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ। ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਸਿੱਖਾਂ ਨੂੰ ਸਬਕ ਸਿਖਾਉਣ ਲਈ ਅਜਿਹਾ ਕੁਝ ਕਰਨ ਲਈ ਸਕੀਮ ਬਹੁਤ ਦੇਰ ਪਹਿਲਾਂ ਹੀ ਬਣਾਈ ਗਈ ਹੋਵੇ। ਚਾਹੇ ਹਾਕਮਾਂ ਨੇ ਅਤੇ ਹਾਕਮ ਪਾਰਟੀ ਨੇ ਭੜਕੇ ਇਨ੍ਹਾਂ ਫਿਰਕੂ ਦੰਗਿਆਂ ਵਿਚ ਆਪਣਾ ਹੱਥ ਹੋਣ ਤੋਂ ਹਮੇਸ਼ਾ ਇਨਕਾਰ ਕੀਤਾ ਹੈ, ਪਰ ਉਹ ਹੁਣ ਤਕ ਲੋਕਾਂ ਨੂੰ ਅਜਿਹਾ ਵਿਸ਼ਵਾਸ ਦਿਵਾ ਸਕਣ ਤੋਂ ਅਸਮਰਥ ਰਹੀ ਹੈ। ਹੁਣ ਤਕ ਉਹ ਇਹ ਨਹੀਂ ਦਸ ਸਕੇ ਕਿ ਪਾਗਲਪਨ ਦੇ ਇਨ੍ਹਾਂ ਤਿੰਨ ਦਿਨਾਂ ਵਿਚ ਪੁਲਸ ਕਿਥੇ ਗਈ ਸੀ। ਚਾਹੇ ਫੌਜ ਨੂੰ ਦਿੱਲੀ ਵਿਚ ਬੁਲਾ ਲਿਆ ਗਿਆ ਸੀ, ਪਰ ਉਸ ਸਮੇਂ ਉਹ ਕੀ ਕਰਦੀ ਰਹੀ ਜਦੋਂ ਸਿੱਖਾਂ ਦਾ ਫੜ ਫੜ ਕੇ ਘਾਤ ਕੀਤਾ ਜਾ ਰਿਹਾ ਸੀ। ਰਿਪੋਰਟਾਂ ਵਿਚ ਅਨੇਕਾਂ ਹੀ ਅਧਿਕਾਰੀਆਂ ਅਤੇ ਨੇਤਾਵਾਂ ਦੇ ਨਾਂਅ ਵੀ ਛਪੇ ਹਨ ਜਿਨ੍ਹਾਂ ਨੇ ਇਨ੍ਹਾਂ ਦੰਗਿਆਂ ਨੂੰ ਭੜਕਾਉਣ ਵਿਚ ਹੀ ਆਪਣਾ ਯੋਗਦਾਨ ਨਹੀਂ ਪਾਇਆ, ਸਗੋਂ ਆਪ ਵੀ ਇਨ੍ਹਾਂ ਵਿਚ ਸ਼ਾਮਲ ਹੋਏ। ਵੱਖ ਵੱਖ ਸ਼ਹਿਰਾਂ ਵਿਚ ਪੁਲਸ ਨੇ ਗੁੰਡਿਆਂ ਨੂੰ ਅਜਿਹਾ ਕਰਨ ਤੋਂ ਵਰਜਣ ਦੀ ਬਜਾਏ ਤਮਾਸ਼ਾਈ ਰੋਲ ਅਦਾ ਕੀਤਾ। ਸਰਕਾਰੀ ਮੀਡੀਆ ਨੇ ਇਨ੍ਹਾਂ ਘਟਨਾਵਾਂ ਨੂੰ ਵਧ ਤੋਂ ਵਧ ਦਬਾਉਣ ਦਾ ਯਤਨ ਕੀਤਾ ਅਤੇ ਉਹ ਇਹ ਸਾਰਾ ਸਮਾਂ 'ਸਭ ਅੱਛਾ' ਦਾ ਰਾਗ ਹੀ ਅਲਾਪਦੇ ਰਹੇ। ਕੀ ਇਹੀ ਸੀ ਸਾਡਾ ਪਰਜਾਤੰਤਰ, ਜਿਸ ਦਾ ਅਸੀਂ ਬੜੇ ਮਾਣ ਨਾਲ ਨਾਂ ਲੈਂਦੇ ਹਾਂ।

ਇਕ ਛੋਟੀ ਜਿਹੀ ਕੌਮ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਲਈ ਕੀਤੇ ਗਏ ਇਸ ਡਰਾਮੇ ਦਾ ਪਾਜ ਸਭ ਦੇ ਸਾਹਮਣੇ ਖੁਲ੍ਹ ਗਿਆ ਹੈ। ਜਿੰਨਾ ਵੱਡਾ ਨੁਕਸਾਨ ਹੋਇਆ ਸੀ, ਉਸ ਦੇ ਸਨਮੁਖ ਕੇਂਦਰੀ ਸਰਕਾਰ ਨੇ ਮਗਰਮੱਛ ਦੇ ਹੰਝੂ ਜ਼ਰੂਰ ਵਹਾਏ ਅਤੇ ਫਿਰਕੂ ਦੰਗਿਆਂ ਦੀ ਮਾਰ ਹੇਠ ਆਏ ਕੁਝ ਪੀੜਤਾਂ ਲਈ ਸਹਾਇਤਾ ਵੀ ਦਿਤੀ। ਪਰ ਇਹ ਸਹਾਇਤਾ ਏਨੇ ਵੱਡੇ ਦੁਖਾਂਤ ਸਾਹਮਣੇ ਏਨੀ ਘੱਟ ਸੀ ਕਿ ਜਿਸ ਨੂੰ ਵੇਖਦਿਆਂ ਇਹ ਲਗਦਾ ਸੀ ਕਿ ਸਰਕਾਰ ਪੀੜਤਾਂ ਨਾਲ ਹਮਦਰਦੀ ਨਹੀਂ, ਸਗੋਂ ਮਖੌਲ ਕਰ ਰਹੀ ਹੋਵੇ। ਇਸੇ ਲਈ ਹੀ ਇਨ੍ਹਾਂ ਦੰਗਿਆਂ ਤੋਂ ਬਾਅਦ ਵਿਚ ਉਠਣ ਵਾਲੀਆਂ ਮੰਗਾਂ ਵਿਚ ਇਨ੍ਹਾਂ ਫਿਰਕੂ ਦੰਗਿਆਂ ਦੀ ਜਾਂਚ ਦੀ ਮੰਗ ਪ੍ਰਮੁੱਖ ਰੂਪ ਵਿਚ ਸਾਹਮਣੇ ਆਈ। ਪਰ ਸਰਕਾਰ ਨੇ ਅਜਿਹੇ ਕਾਲੇ ਕਾਰਨਾਮੇ ਕਰਨ ਵਾਲਿਆਂ ਦੇ ਮੂੰਹਾਂ ਤੋਂ ਨਕਾਬ ਲਾਹੁਣ ਦੀ ਥਾਂ ਤੇ ਉਨ੍ਹਾਂ ਤੇ ਨਕਾਬ ਚੜ੍ਹਾਉਣ ਦਾ ਯਤਨ ਕੀਤਾ। ਜਦੋਂ ਚੇਤੰਨ ਸ਼ਹਿਰੀਆਂ ਵਲੋਂ, ਜੋ ਸਿਰਫ਼ ਸਿੱਖ ਭਾਈਚਾਰੇ ਨਾਲ ਹੀ ਸਬੰਧ



www.AKJ.Org

ਨਹੀਂ ਸਨ ਰਖਦੇ, ਇਹ ਮੰਗ ਪੂਰੇ ਜ਼ੋਰ ਨਾਲ ਉਠਾਈ ਗਈ ਅਤੇ ਅਕਾਲੀ ਦਲ ਨੇ ਵੀ ਇਸ ਨੂੰ ਪੰਜਾਬ ਦੇ ਸਮਝੌਤੇ ਲਈ ਇਕ ਮੁੱਖ ਮੰਗ ਦਸਿਆ ਤਾਂ ਬਹੁਤ ਹਿਚਕਚਾਹਟ ਦੇ ਬਾਅਦ ਪਹਿਲਾਂ ਕੇਂਦਰੀ ਸਰਕਾਰ ਨੇ ਸਿਰਫ਼ ਦਿੱਲੀ ਵਿਚ ਹੋਏ ਦੰਗਿਆਂ ਦੀ ਜਾਚ ਕਰਵਾਉਣ ਦੀ ਮੰਗ ਹੀ ਮੰਨੀ। ਉਸ ਤੋਂ ਕਾਫ਼ੀ ਸਮਾਂ ਬਾਅਦ ਇਸ ਜਾਂਚ ਲਈ ਕਾਨਪੁਰ ਅਤੇ ਬੁਕਾਰੋ ਆਦਿ ਸ਼ਹਿਰਾਂ ਨੂੰ ਵੀ ਸ਼ਾਮਲ ਕੀਤਾ ਗਿਆ। ਅੱਜ ਤਕ ਐਲਾਨ ਕੀਤੇ ਗਏ ਇਸ ਜਾਂਚ-ਕਮਿਸ਼ਨ ਦੀ ਕਾਰਵਾਈ ਕੀ ਹੈ, ਇਸ ਬਾਰੇ ਬਹੁਤਾ ਕੁਝ ਸਾਹਮਣੇ ਨਹੀਂ ਆਇਆ। ਸਰਕਾਰ ਇਸ ਪ੍ਰਤੀ ਜਾਣ ਬੁੱਝ ਕੇ ਢਿੱਲ-ਮੱਠ ਦੀ ਨੀਤੀ ਅਪਣਾ ਰਹੀ ਹੈ, ਤਾਂ ਜੁ ਅਸਲ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਨਾ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਨਾ ਦਿਵਾਈਆਂ ਜਾ ਸਕਣ।

ਪਰ ਕੀ ਹਾਕਮਾਂ ਦੀ ਅਜਿਹੀ ਨੀਤੀ ਇਸ ਮਸਲੇ ਦਾ ਹੱਲ ਹੈ ? ਕੀ ਅਜਿਹੀ ਕਾਰਵਾਈ ਸਿਖ ਭਾਈਚਾਰੇ ਦੇ ਮਨਾਂ ਨੂੰ ਸ਼ਾਂਤ ਕਰ ਸਕੇਗੀ ? ਸ਼ਿੱਖਾਂ ਨੇ ਆਪਣੇ ਕੁਝ ਸੋ ਸਾਲਾਂ ਦੇ ਇਤਿਹਾਸ ਵਿਚ ਬਹੁਤ ਸਾਰੇ ਕਾਲੇ ਦਿਨ ਵੇਖੇ ਹਨ। ਇਹ ਦਿਨ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਏ ਹਨ। ਇਸ ਨਿੱਕੀ ਜਿਹੀ ਕੌਮ ਨੇ ਜੋ ਕੁਝ ਹੁਣ ਤਕ ਵੇਖਿਆ ਅਤੇ ਸਹਿਆ ਹੈ, ਉਹ ਇਸ ਦੇ ਹਿਸੇ ਹੀ ਆਇਆ ਹੈ। ਅੱਜ ਚਾਹੇ ਪੰਜਾਬ ਸੰਬੰਧੀ ਕੇਂਦਰੀ ਸਰਕਾਰ ਅਤੇ ਅਕਾਲੀ ਦਲ ਵਿਚ ਸਮਝੌਤਾ ਹੋਣ ਤੋਂ ਬਾਅਦ ਅਕਾਲੀ ਦਲ ਦੀ ਸਰਕਾਰ ਪੰਜਾਬ ਵਿਚ ਕਾਇਮ ਹੋ ਗਈ ਹੈ, ਪਰ ਹਾਲੇ ਤਕ ਵੀ ਕੇਂਦਰ ਸਰਕਾਰ ਨੇ ਕਈ ਮਾਮਲਿਆਂ ਵਿਚ ਆਪਣੀ ਹਠ-ਧਰਮੀ ਨਹੀਂ ਛੱਡੀ। ਚਾਹੀਦਾ ਤਾਂ ਇਹ ਸੀ ਕਿ ਇਸ ਭਾਈਚਾਰੇ ਦਾ ਜਿੰਨਾ ਵੀ ਨੁਕਸਾਨ ਹੋਇਆ ਹੈ, ਕੇਂਦਰੀ ਸਰਕਾਰ ਉਸ ਦਾ ਪੂਰਾ ਇਵਜ਼ਾਨਾ ਦਿੰਦੀ।

ਜੇਕਰ ਸਮਝੌਤਾ ਹੋਇਆ ਹੈ ਤਾਂ ਉਸ ਅਧੀਨ ਜਿਥੇ ਆਮ ਰਿਹਾਈਆਂ ਇਕਦਮ ਕਰ ਦੇਣੀਆਂ ਚਾਹੀਦੀਆਂ ਸਨ, ਉਥੇ ਫੌਜੀਆਂ ਨੂੰ ਛੱਡਣ ਅਤੇ ਉਨ੍ਹਾਂ ਨੂੰ ਮੁੜ ਨੌਕਰੀ ਤੇ ਬਹਾਲ ਕਰਨ ਦੀ ਕਾਰਵਾਈ ਇਕਦਮ ਹੋਣੀ ਚਾਹੀਦੀ ਸੀ। ਪਰ ਇਸ ਦੀ ਬਜਾਏ ਕੇਂਦਰੀ ਸਰਕਾਰ ਆਪਣੀ ਹੱਠ-ਧਰਮੀ ਨਾਲ ਬਹੁਤ ਸਾਰੇ ਫੌਜੀਆਂ ਤੇ ਫੌਜੀ ਅਦਾਲਤਾਂ ਵਿਚ ਮੁਕੱਦਮੇ ਜਾਰੀ ਰੱਖ ਕੇ ਉਨ੍ਹਾਂ ਨੂੰ ਸਜ਼ਾਵਾਂ ਦੇ ਰਹੀ ਹੈ। ਸਾਡੇ ਫੌਜੀ ਵੀਰ ਕਿਸੇ ਰਾਜਨੀਤਕ ਪਾਰਟੀ ਦੇ ਮੈਂਬਰ ਨਹੀਂ ਸਨ ਅਤੇ ਨਾ ਹੀ ਇਨ੍ਹਾਂ ਨੂੰ ਕਿਸੇ ਤਰ੍ਹਾਂ ਅੱਤਵਾਦੀ ਕਿਹਾ ਜਾ ਸਕਦਾ ਹੈ, ਨਾ ਹੀ ਇਹ ਖਾਲਸਤਾਨ ਦੀ ਮੰਗ ਦੇ ਧਾਰਨੀ ਹਨ। ਉਹ ਤਾਂ ਆਪਣੇ ਪਵਿੱਤਰ ਧਰਮ ਅਸਥਾਨ ਤੇ ਹੋਏ ਫੌਜੀ ਹਮਲੇ ਦੀ ਖ਼ਬਰ ਸੁਣ ਕੇ ਭਾਵੁਕਤਾ ਵਸ ਆਪਣੀਆਂ ਬੈਰਕਾਂ ਤੋਂ ਬਾਹਰ ਆ ਗਏ ਸਨ। ਪਰ ਕਿੰਨੀ ਅਜੀਬ ਗੱਲ ਹੈ ਕਿ ਇਕ ਪਾਸੇ ਤਾਂ ਕੇਂਦਰੀ ਸਰਕਾਰ ਸਮਝੌਤੇ ਦੀਆਂ ਗੱਲਾਂ ਕਰਦੀ ਹੈ ਅਤੇ ਇਸ ਇੱਛਾ ਦਾ ਵਾਰ ਵਾਰ ਇਜ਼ਹਾਰ ਕਰਦੀ ਹੈ ਕਿ ਇਸ ਖਿਤੇ ਵਿਚ ਛੇਤੀ ਤੋਂ ਛੇਤੀ ਆਮ ਹਾਲਾਤ ਬਹਾਲ ਹੋਣੇ ਚਾਹੀਦੇ ਹਨ, ਪਰ ਦੂਸਰੇ ਬੰਨੇ ਉਹ ਫੌਜੀ ਵੀਰਾਂ ਨੂੰ ਸਜ਼ਾਵਾਂ ਦੇ ਕੇ ਅਤੇ ਉਨ੍ਹਾਂ ਨੂੰ ਨੌਕਰੀਆਂ ਤੋਂ ਬਰਖ਼ਾਸਤ ਕਰ ਕੇ ਸਿੱਖ ਹਿਰਦਿਆਂ ਨੂੰ ਬੁਰੀ ਤਰ੍ਹਾਂ ਦੁਖਾ ਰਹੀ ਹੈ।

ਅਸੀਂ ਪੰਜਾਬ ਸਰਕਾਰ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਪੂਰੇ ਵਿਸ਼ਵਾਸ ਅਤੇ ਦਲੇਰੀ ਨਾਲ ਫੌਜੀਆਂ ਅਤੇ ਹੁਣ ਤਕ ਕੈਦ ਨੌਜਵਾਨਾਂ ਦੀ ਰਿਹਾਈ ਲਈ ਯਤਨਸ਼ੀਲ ਹੋਵੇ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਪੱਸ਼ਟ ਸ਼ਬਦਾਂ ਵਿਚ ਕੇਂਦਰ ਨੂੰ ਇਹ ਦਸੇ ਕਿ ਜੇਕਰ ਉਹ ਕਿਸੇ ਪ੍ਰਾਂਤ ਵਿਚ ਪੂਰਾ ਅਮਨ-ਅਮਾਨ ਚਾਹੁੰਦੇ ਹਨ, ਜੇਕਰ ਉਹ ਸਿੱਖ ਮਨਾਂ ਨੂੰ ਜਿਤਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਹਰ ਹੀਲੇ ਸਮੁੱਚੇ ਰੂਪ ਵਿਚ ਇਨ੍ਹਾਂ ਸਭ ਫੌਜੀਆਂ ਦੀਆਂ ਸਾਰੀਆਂ ਸਜ਼ਾਵਾਂ ਖ਼ਤਮ ਕਰ ਕੇ ਆਪਣੀਆਂ ਨੌਕਰੀਆਂ ਤੇ ਬਹਾਲ ਕਰਨਾ ਚਾਹੀਦਾ ਹੈ ਅਤੇ ਇਸ ਅੰਦੋਲਨ ਦੌਰਾਨ ਕੈਦ ਕੀਤੇ ਸਾਰੇ ਵਿਅਕਤੀਆਂ ਨੂੰ ਆਮ ਰਿਹਾਈ ਦੇਣੀ ਚਾਹੀਦੀ ਹੈ।

ਅੱਜ ਪਿਛਲੇ ਸਾਲ ਨਾਲੋਂ ਹਾਲਾਤ ਕਾਫ਼ੀ ਬਦਲ ਗਏ ਹਨ। ਪੰਜਾਬ ਸੰਬੰਧੀ ਅਕਾਲੀ ਦਲ ਨਾਲ ਸਮਝੌਤਾ ਹੋਇਆ ਹੈ, ਅਕਾਲੀ ਸਰਕਾਰ ਬਣੀ ਹੈ। ਬਿਨਾਂ ਸ਼ੱਕ ਇਹ ਪੰਜਾਬ ਦੇ ਪਿੰਡੇ ਤੇ ਲੱਗੇ ਜ਼ਖਮਾਂ ਦੇ ਦਰਦ ਨੂੰ ਘਟਾਉਣ ਦਾ ਪੂਰਾ ਯਤਨ ਕਰ ਰਹੀ ਹੈ, ਪਰ ਹਾਲੇ ਬਹੁਤ ਕੁਝ ਕਰਨਾ ਲੋੜੀਂਦਾ ਹੈ। ਇਸ ਸਭ ਤੋਂ ਉਪਰ ਵੱਡੀ ਗੱਲ ਡੋਲੇ ਹੋਏ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਦੀ ਹੈ, ਪਰ ਇਹ ਤਦੇ ਹੀ ਹੋ ਸਕਦਾ ਹੈ ਜੇਕਰ ਕੇਂਦਰ ਸਰਕਾਰ ਇਸ ਮਾਮਲੇ ਪ੍ਰਤੀ ਪੂਰੀ ਇਮਾਨਦਾਰੀ ਨਾਲ ਰਵੱਈਆ ਅਪਣਾਏ। ਅਜੀਤ, ੧–੧੧–੮੫



www.AKJ.Org

# ਗੁਰਸਿੱਖੀ ਬਾਰੀਕ ਹੈ

(੧) ਗੁਰਸਿਖੀ ਬਾਰੀਕ ਹੈ, ਸਿਲ ਚਟਣ ਫਿਕੀ ॥
ਤਿਖੀ ਖੰਡੇ ਧਾਰ ਹੈ, ਉਹ ਵਾਲਹੁ ਨਿਕੀ ॥ [ਵਾਰ ੯, ਪਉੜੀ ੨

(੨) ਵਾਲਹੁ ਨਿਕੀ ਆਖੀਐ, ਖੰਡੇ ਧਾਰਹੁ ਸੁਣੀਐ ਤਿਖੀ ॥ ਵਾਰ ੨੮, ਪਉੜੀ ੧

(੩) ਗੁਰਸਿਖੀ ਬਾਰੀਕ ਹੈ, ਖੰਡੇ ਧਾਰ ਗਲੀ ਅਤਿ ਭੀੜੀ ॥
ਓਥੈ ਟਿਕੈ ਨ ਭੁਣਹਣਾ, ਚਲਿ ਨ ਸਕੈ ਉਪਰਿ ਕੀੜੀ ॥
ਵਾਲਹੁੰ ਨਿਕੀ ਆਖੀਐ, ਤੇਲੁ ਤਿਲਹੁ ਲੈ ਕੋਲੂ ਪੀੜੀ ॥ [ਵਾਰ ੧੧, ਪਉੜੀ ੫

ਭਾਈ ਗੁਰਦਾਸ ਜੀ ਦੇ ਉਪਰੋਕਤ ਕਥਨ ਸਪਸ਼ਟ ਕਰਦੇ ਹਨ ਕਿ ਗੁਰਸਿਖੀ ਮਾਰਗ ਤੇ ਚਲਣ ਲਈ ਅਤਿ ਬਿਖੜੀ ਕਾਰ ਕਮਾਣੀ ਪੈਂਦੀ ਹੈ। ਬੜੀ ਕਠਨ ਕਮਾਈ ਕਰਨ ਅਤੇ ਘਾਲਣਾ ਘਾਲਣ ਦੀ ਲੋੜ ਹੈ। ਗੁਰਸਿਖੀ ਕਮਾਣੀ ਮਾਮੂਲੀ ਗੱਲ ਨਹੀਂ, ਇਹ ਤਾਂ ਅਲੂਣੀ ਸਿਲ ਚਟਣ ਬਰਾਬਰ ਹੈ। ਇਹ ਵਾਲ ਤੋਂ ਬਾਰੀਕ ਅਤੇ ਖੰਡੇ ਦੀ ਧਾਰ ਤੋਂ ਵੀ ਤਿਖੀ ਹੈ, ਜਿਸ ਉਪਰ ਮੱਛਰ ਤਕ ਠਹਿਰ ਨਹੀਂ ਸਕਦਾ ਅਤੇ ਕੀੜੀ ਤਕ ਵੀ ਉਸ ਉਪਰ ਚਲ ਨਹੀਂ ਸਕਦੀ। ਗੁਰਸਿਖੀ ਪ੍ਰਾਪਤ ਕਰਨ ਲਈ ਕੋਹਲੂ ਵਿਚ ਤਿਲਾਂ ਵਾਂਗ ਪੀੜਿਆ ਜਾਣਾ ਪੈਂਦਾ ਹੈ।

ਇਸ ਗੱਲ ਦੀ ਸਮਝ ਉਨ੍ਹਾਂ ਗੁਰਸਿਖਾਂ ਨੂੰ ਆਈ ਜਿਹੜੇ ਇਸ ਰਾਹੇ ਤੁਰੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਇਸ ਗੁਰਸਿਖੀ ਮਾਰਗ ਦੇ ਉਚੇ ਸੁਚੇ ਪੂਰਨੇ ਪਾਏ, ਜਿਸ ਨੂੰ ਭਾਈ ਗੁਰਦਾਸ ਜੀ ਇਉਂ ਬਿਆਨ ਕਰਦੇ ਹਨ—

ਪਹਿਲਾਂ ਬਾਬੇ ਪਾਯਾ ਬਖਸ ਦਰ, ਪਿਛੋਂ ਦੇ ਫਿਰਿ ਘਾਲ ਕਮਾਈ ॥
ਰੇਤੁ ਅਕੁ ਆਹਾਰ ਕਰਿ, ਰੋੜਾਂ ਦੀ ਗੁਰ ਕਰੀ ਵਿਛਾਈ ॥
ਭਾਰੀ ਕਰੀ ਤਪਸਿਆ, ਵਡੇ ਭਾਗ ਹਰਿ ਸਿਉ ਬਣਿ ਆਈ ॥ [ਵਾਰ ੧, ਪਉੜੀ ੨੪

ਇਸ ਗੁਰਸਿਖੀ ਨੂੰ ਉਜਾਗਰ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਜਿਵੇਂ ਦੇਸਾ-ਬਦੇਸਾਂ ਵਿਚ ਵਿਚਰੇ; ਲਖੂਖਾਂ ਕੋਹਾਂ ਦੇ ਬਿਖੜੇ ਪੈਂਡੇ ਝਾਗੇ; ਜੰਗਲਾਂ ਬੇਲਿਆਂ ਤੇ ਕੰਡਿਆਲੀਆਂ ਝਾੜੀਆਂ ਨੂੰ ਗਾਂਹਦੇ, ਸਮੁੰਦਰਾਂ ਤੇ ਪਹਾੜਾਂ ਨੂੰ ਚੀਰਦੇ, ਭਿਆਨਕ ਦਰਿੰਦਿਆਂ ਅਤੇ ਦੇਵਾਂ-ਦਾਨਵਾਂ ਤੇ ਰਾਖਸ਼ਾਂ ਨੂੰ ਸੋਧਦੇ ਹੋਏ ਜਿਵੇਂ ਦੁਖੀ ਤੇ ਭਰਮ-ਭੁਲੀ-ਲੁਕਾਈ ਪਾਸ ਪੁਜ ਕੇ, ਉਨ੍ਹਾਂ ਲੋਕਾਂ ਨੂੰ ਨਾਮ-ਦਾਰੂ ਦੇ ਕੇ, ਉਨ੍ਹਾਂ ਦੇ ਰੋਗ ਕਟਦੇ ਰਹੇ, ਇਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚੋਂ ਕਿਤੋਂ ਨਹੀਂ ਮਿਲ ਸਕਦੀ।

ਇਸੇ ਗੁਰਸਿਖੀ ਦੀ ਪ੍ਰਾਪਤੀ ਲਈ ਭਾਈ ਲਹਿਣਾ ਜੀ ਨੇ, ਹੁਕਮੀ ਬੰਦੇ ਬਣ ਕੇ ਸੇਵਾ ਦੀ ਐਸੀ ਘਾਲ ਘਾਲੀ ਕਿ ਆਪਣਾ ਆਪਾ ਗੁਰੂ ਪਾਸ ਵੇਚ ਹੀ ਦਿਤਾ ਅਤੇ ਸਤਿਗੁਰਾਂ ਦੇ ਹੁਕਮਾਂ ਦੀ ਹਰ ਸਮੇਂ ਖਿੜੇ ਮਥੇ ਪਾਲਣਾ ਕਰਦਿਆਂ ਹੋਇਆਂ ਭਾਈ ਗੁਰਦਾਸ ਜੀ ਅਨੁਸਾਰ ਇਉਂ ਗੁਰਸਿਖੀ ਵਿਚ ਪੁਗ ਖਲੋਤੇ—

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ ॥ ਸਾਬਰੁ ਸਿਦਕਿ ਸ਼ਹੀਦ ਭਰਮ ਭਉ ਖੋਵਣਾ ॥
ਗੋਲਾ ਮੁਲ ਖਰੀਦ ਕਾਰੇ ਜੋਵਣਾ ॥ ਨਾ ਤਿਸੁ ਭੁਖ ਨ ਨੀਂਦ, ਨ ਖਾਣਾ ਸੋਵਣਾ ॥
ਪੀਹਣ ਹੋਇ ਜਦੀਦ ਪਾਣੀ ਢੋਵਣਾ ॥ ਪਖੇ ਦੀ ਤਾਗੀਦ, ਪਗ ਮਲਿ ਧੋਵਣਾ ॥
ਸੇਵਕ ਹੋਇ ਸੰਜੀਦ, ਨ ਹਸਣ ਰੋਵਣਾ ॥ ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ ॥
ਚੰਦ ਮੁਮਾਰਖ ਈਦ ਪੁਗ ਖਲੋਵਣਾ ॥ [ਵਾਰ ੩, ਪਉੜੀ ੧੮

ਫਿਰ (ਗੁਰੂ) ਅਮਰਦਾਸ ਜੀ ਨੇ ਬੁਢਾਪੇ ਦੀ ਉਮਰ ਵਿਚ ਗੁਰੂ ਦਰਬਾਰ ਵਿਚ ਪੁਜ ਕੇ ਗੁਰਸਿਖੀ ਲਈ ਜੋ ਬਿਖਮ ਘਾਲਣਾ ਘਾਲੀ, ਉਸ ਦੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ ਇਉਂ ਦਰਸ਼ਨ ਕੀਤੇ ਜਾ ਸਕਦੇ ਹਨ— ਝਖੜੁ ਝਾਗੀ ਮੀਹੁ ਵਰਸੈ, ਭੀ ਗੁਰੁ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ, ਗੁਖਸਿਖੁ ਲੰਘਿ ਗੁਰ ਪਹਿ ਜਾਈ ॥੧੪॥

'ਸੂਰਾ' ਅੰਮ੍ਰਿਤਸਰ, ਦਸੰਬਰ ੧੯੯੫/੩੧

www.AKJ.Org

ਅਤੇ—ਪਾਲਾ ਕਕਰੁ ਵਰਫ ਵਰਸੈ, ਗੁਰਸਿਖੁ ਗੁਰ ਦੇਖਣ ਜਾਈ ॥੨੭॥ [੭੫੮]

ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਤਕ, ਉਨ੍ਹਾਂ ਵਲੋਂ ਗੁਰਸਿਖੀ ਦੇ ਬਿਖੜੇ ਖੰਡੇਦਾਰ ਮਾਰਗ ਤੇ ਚਲ ਕੇ ਜੋ ਜੋ ਕਾਰ ਕਮਾਈ ਗਈ, ਉਸ ਨੂੰ ਰੰਗ ਰੰਗੀਲੇ ਗੁਰੂ ਕੇ ਲਾਲੇ ਗੱਲੇ ਗੁਰਸਿਖ ਹੀ ਜਾਣ ਸਕਦੇ ਹਨ।

ਸਤਿਗੁਰਾਂ ਦੇ ਜੀਵਨ ਤੋਂ ਚਾਨਣ ਲੈ ਕੇ ਅਨੇਕਾਂ ਗੁਰਸਿਖਾਂ ਨੇ ਜੋ ਜੋ ਸੇਵਾ-ਘਾਲ ਕਮਾਈਆਂ ਕੀਤੀਆਂ, ਉਨ੍ਹਾਂ ਉਚ ਕਰਣੀਆਂ ਨਾਲ ਇਤਿਹਾਸ ਦੇ ਵਰਕੇ ਭਰੇ ਪਏ ਹਨ। ਸਿਖ-ਇਤਿਹਾਸ ਦੇ ਇਹ ਸੁਨਹਿਰੀ ਪੰਨੇ ਹਰੇਕ ਗੁਰਸਿਖ ਨੂੰ ਟੁੰਬਦੇ ਅਤੇ ਗੁਰੂ-ਚਰਨਾਂ ਨਾਲ ਜੋੜਨ ਵਿਚ ਸਹਾਈ ਹੁੰਦੇ ਹਨ।

ਗੁਰਸਿਖੀ ਕਮਾਣ ਲਈ ਜਿਥੇ ਅਲੂਣੀ ਸਿਲਾ ਚਟਣੀ ਪੈਂਦੀ ਹੈ ਉਥੇ ਇਹ ਅਤਿ-ਰਸ-ਮੀਠੀ ਵੀ ਹੈ। ਭਾਈ ਗੁਰਦਾਸ ਜੀ ਇਸ ਨੂੰ ਇਉਂ ਬਿਆਨ ਕਰਦੇ ਹਨ—

ਸਿਲਾ ਅਲੂਣੀ ਚਟਣੀ, ਸਾਦਿ ਨ ਪੁਜੈ ਲਖ ਲਖ ਮੇਵਾ ॥ [ਵਾਰ ੪, ਪਉੜੀ ੨੮

ਸ੍ਰੀ ਗੁਰੂ ਰਾਮਦਾਸ ਜੀ ਇਸੇ ਭਾਵ ਨੂੰ ਬੜੇ ਸੁੰਦਰ ਰੂਪ ਵਿਚ ਗੁਰਸਿਖਾਂ ਪ੍ਰਤੀ ਦਰਸਾਂਦੇ ਹੋਏ ਫ਼ੁਰਮਾਂਦੇ ਹਨ—

ਗੁਰ ਪੀਰਾਂ ਕੀ ਚਾਕਰੀ, ਮਹਾਂ ਕਰੜੀ, ਸੁਖ ਸਾਰ ॥ (ਪੰਨਾ ੧੪੨੨)

ਜਿਥੇ ਇਹ ਸੇਵਾ ਮਹਾਂ ਕਰੜੀ ਹੈ ਉਥੇ ਅਤੀ ਉਤਮ ਸਰੇਸ਼ਟ ਸੁਖ ਦੇਣ ਵਾਲੀ ਹੈ। ਪਰ ਨਾਲ ਦੀ ਤੁਕ ਵਿਚ ਹੀ ਸਤਿਗੁਰੂ ਜੀ ਫੁਰਮਾਂਦੇ ਹਨ ਕਿ ਇਹ ਕਰੜੀ ਚਾਕਰੀ ਉਸ ਗੁਰਸਿਖ ਲਈ ਹੀ ਸਰੇਸ਼ਟ ਤੇ ਸੁਖ-ਦਾਤੀ ਹੈ, ਜਿਸ ਤੇ ਗੁਰੂ-ਕਰਤਾਰ ਆਪ ਤਰੁਠਦਾ ਹੈ ਅਤੇ ਉਸ ਨੂੰ ਸਚਾ ਸੁਚਾ ਪਿਆਰ, ਭੈ-ਭਾਵਨੀ ਤੇ ਅਤੁਟ ਸਿਦਕ ਸ਼ਰਧਾ ਬਖਸ਼ਸ਼ ਕਰਦਾ ਹੈ। ਗੁਰਵਾਕ ਹੈ—

ਨਦਰਿ ਕਰੇ ਜਿਸੁ ਆਪਣੀ, ਤਿਸੁ ਲਾਏ ਹੇਤ ਪਿਆਰੁ ॥੧੬॥ (੧੪੨੨)

ਹਾਂ ਜੀ, ਜਿਨ੍ਹਾਂ ਨੂੰ ਸਤਿਗੁਰੂ ਇਹ ਸ਼ਰਧਾ-ਭਾਵਨੀ ਬਖਸ਼ਦਾ ਹੈ, ਉਹੋ ਗੁਰਮੁਖ ਹੀ ਸਿਦਕ-ਦਿਲੀ ਨਾਲ ਗੁਰੂ ਦੀ ਦਸੀ ਕਾਰ ਕਮਾਂਦੇ ਹੋਏ ਇਸ ਗਾਡੀ ਰਾਹ ਤੇ ਚਲਦੇ ਹਨ ਅਤੇ ਪਿਰਮ ਰਸ ਸੁਖ-ਫਲ ਨੂੰ ਚਖਦੇ ਹੋਏ ਸਦਾ ਵਿਗਾਸ ਵਿਚ ਖਿੜੇ ਰਹਿੰਦੇ ਹਨ। ਉਨ੍ਹਾਂ ਬਾਰੇ ਹੀ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ ਕਿ ਅਜਿਹੇ ਗੁਰਮੁਖ ਜਨ— ਪਰਉਪਕਾਰੀ ਮਿਲਨਿ ਹਸੰਦੇ ॥ [ਵਾਰ ੧੪, ਪਉੜੀ ੧

ਹਾਂ ਜੀ, ਜਿਨ੍ਹਾਂ ਪਰਉਪਕਾਰੀ ਗੁਰਮੁਖਾਂ ਨੇ ਇਸ ਪਿਰਮ ਰਸ ਦਾ ਸੁਆਦ ਮਾਣਿਆ ਹੈ, ਜਿਨ੍ਹਾਂ ਨੂੰ ਇਹ ਸੁਖ-ਫਲ ਪ੍ਰਾਪਤ ਹੋਇਆ ਹੈ, ਓਹੋ ਹੀ ਭਾਈ ਮਤੀ ਦਾਸ ਜੀ ਵਾਂਗ ਆਰੇ ਨਾਲ ਦੋਫਾੜ ਚੀਰੇ ਜਾ ਕੇ ਵੀ ਜਪੁ ਜੀ ਗਾ ਸਕਦੇ ਹਨ, ਇਸ ਰਸ ਨੂੰ ਪ੍ਰਾਪਤ ਹੋ ਕੇ ਹੀ ਭਾਈ ਦਿਆਲਾ ਜੀ ਦੇਗ ਵਿਚ ਉਬਾਲੇ ਜਾ ਕੇ ਗੁਰੂ-ਚਰਨਾਂ ਦੀ ਧੂੜੀ ਨੂੰ ਤਰਸਦੇ ਹਨ, ਇਸ ਪੰਧ ਦੇ ਪੰਧਾਊ ਭਾਈ ਤਾਰੂ ਸਿੰਘ ਜੀ ਹੀ ਰੰਬੀ ਨਾਲ ਖੋਪਰੀ ਲੁਹਾ ਸਕਦੇ ਹਨ ਅਤੇ ਭਾਈ ਮਨੀ ਸਿੰਘ ਜੀ ਆਪਣੇ ਬੰਦ ਬੰਦ ਜੁਦਾ ਕਰਵਾ ਸਕਦੇ ਹਨ। ਭਾਈ ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਪਿਉ ਪੁਤਰ ਗੁਰਸਿਖੀ ਦੇ ਇਸ ਅਮਿਉ ਰਸ ਦੇ ਮਤਵਾਲੇ ਹੀ ਚਰਖੜੀਆਂ ਤੇ ਚੜ੍ਹ ਕੇ ਆਪਣਾ ਤੂੰਬਾ ਤੂੰਬਾ ਉਡਵਾ ਸਕਦੇ ਹਨ, ਪਰ ਰਾਜ ਭਾਗ ਦੇ ਅਨੇਕਾਂ ਸੁਖਾਂ ਦੇ ਲਾਲਚਾਂ ਵਲ ਥੁਕਦੇ ਵੀ ਨਹੀਂ।

ਸਿਖ ਰਾਜ ਦੇ ਆਉਣ ਤੋਂ ਪਹਿਲਾਂ 'ਖਾਲਸਾ ਜੀ' ਘਰ ਬਾਰ ਤਿਆਗ ਕੇ, ਜੰਗਲਾਂ ਬੇਲਿਆਂ ਦੇ ਭਿਆਨਕ ਅਸਥਾਨਾਂ ਵਿਚ ਬਸੇਰੇ ਕਰ ਕੇ, ਭੁਖਿਆਂ ਤਿਹਾਇਆਂ ਤੇ ਟੁਟੇ ਫੁਟੇ ਚੀਥੜਿਆਂ ਵਿਚ ਰਹਿ ਕੇ ਗੁਰਸਿਖੀ ਦੇ ਇਸ ਅਤਿ ਬਿਖੜੇ, ਪਰ ਅਤਿ ਰਸਦਾਇਕ ਮਾਰਗ ਤੇ ਤੁਰਦਿਆਂ ਹੋਇਆਂ ਚੜ੍ਹਦੀਆਂ ਕਲਾ ਵਿਚ ਵਿਚਰਦਾ ਰਿਹਾ। ਕੋਈ ਮੁਗਲ, ਪਠਾਣ, ਅਬਦਾਲੀ ਜਾਂ ਮੰਨੂੰ ਇਨ੍ਹਾਂ ਗੁਰਸਿਖਾਂ ਨੂੰ ਡਰਾ, ਧਮਕਾ ਜਾਂ ਡੁਲਾਅ ਨਹੀਂ ਸਕਿਆ ਜਿਨ੍ਹਾਂ ਨੇ ਕਿ ਆਪਣੇ ਸਿਰ ਸਤਿਗੁਰੂ ਅਗੇ ਵੇਚੇ ਹੋਏ ਸਨ। ਜ਼ਾਲਮ ਹਕੂਮਤ ਨੇ ਕਈ ਵਾਰ ਸਿਖਾਂ ਦਾ ਖੁਰਾ ਖੋਜ ਮਿਟਾਅ ਦੇਣ ਦੀਆਂ ਡੀਂਗਾਂ ਮਾਰੀਆਂ, ਕਈ ਭਿਆਨਕ ਘਲੂਘਾਰੇ ਮਚਾ ਕੇ ਸਿਖਾਂ ਦੇ ਖ਼ੂਨ ਦੀ ਹੋਲੀ ਖੇਡੀ, ਪਰ ਸਿਖ ਆਪਣੇ ਉਚੇ ਸੁਚੇ ਕਿਰਦਾਰ ਸਦਕਾ ਦੂਣੇ ਚਉਣੇ ਹੋ ਕੇ ਉਭਰਦੇ ਰਹੇ ਅਤੇ ਜ਼ਾਲਮਾਂ ਹੈਂਸਿਆਰਿਆਂ ਦੇ ਦੰਦ ਖੱਟੇ ਕਰਦੇ ਰਹੇ।



www.AKJ.Org

ਨਾਦਰ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਦੇ ਨਾਲ ਆਇਆ ਕਾਜ਼ੀ ਨੂਰ ਮੁਹੰਮਦ ਇਨ੍ਹਾਂ ਗੁਰਸਿਖਾਂ ਨੂੰ ਈਰਖਾ-ਵਸ ਹੋ ਕੇ ਆਪਣੇ ਲਿਖੇ ਜੰਗਨਾਮੇ ਵਿਚ 'ਸੱਗ' (ਕੁੱਤੇ) ਕਰਕੇ ਆਪਣਾ ਗੁਸਾ ਕਢਦਾ ਹੈ; ਪਰ ਇਨ੍ਹਾਂ ਦੇ ਉੱਚੇ ਸੁੱਚੇ ਆਚਰਨ ਅਤੇ ਮਹਾਨ ਸੂਰਬੀਰਤਾ ਦੇ ਸਾਹਮਣੇ ਦੁਸ਼ਮਣ-ਦੋਖੀ ਕਾਜ਼ੀ ਦਾ ਵੀ ਸਿਰ ਝੁਕ ਜਾਂਦਾ ਹੈ ਅਤੇ ਉਸ ਦੀ ਕਲਮ ਚੋਂ ਮਜਬੂਰਨ ਸਚਾਈ ਉਘੜ ਕੇ ਬਾਹਰ ਆ ਜਾਂਦੀ ਹੈ। ਨਮੂਨੇ ਵਜੋਂ ਕੁਝ ਸ਼ੇਅਰਾਂ ਦਾ ਪੰਜਾਬੀ ਰੂਪ ਹੇਠ ਦਿਤਾ ਜਾਂਦਾ ਹੈ–

(੭) "ਸਿੰਘ" ਇਨ੍ਹਾਂ ਦਾ ਲਕਬ ਹੈ। ਇਉਂ ਨਿਆਉਂ ਨਹੀਂ ਕਿ ਇਸ ਨੂੰ ਸੱਗ (ਕੁੱਤਾ) ਪੜ੍ਹਿਆ ਜਾਵੇ।

(੮–੯) ਲੜਾਈ ਸਮੇਂ ਇਹ ਸਚ ਮੁਚ ਹੀ ਸ਼ੇਰ ਹੁੰਦੇ ਹਨ।

(੧੦) ਜਦ ਇਹ ਹੱਥ ਵਿਚ ਤਲਵਾਰ ਲੈਂਦੇ ਹਨ ਤਾਂ ਸਰਹਿੰਦ ਤੋਂ ਸਿੰਧ ਤੀਕ ਮਾਰੋ ਮਾਰ ਕਰਦੇ ਜਾਂਦੇ ਹਨ।

(੧੧) ਇਨ੍ਹਾਂ ਦੇ ਸਾਹਮਣੇ ਕੋਈ ਵੀ ਅੜ ਨਹੀਂ ਸਕਦਾ, ਭਾਵੇਂ ਉਹ ਕਿੰਨਾ ਵੀ ਬਲਵਾਨ ਹੋਵੇ।

(੧੨) ਜਦ ਇਹ ਨੇਜਾ ਫੜ ਲੈਂਦੇ ਹਨ ਤਾਂ ਵੈਰੀ-ਸੈਨਾ ਵਿਚ ਭਗਦੜ ਮਚਾਅ ਦੇਂਦੇ ਹਨ।

ਸਿੰਘਾਂ ਦੀ ਬਹਾਦਰੀ ਦੇ ਕਈ ਸ਼ੇਅਰ ਲਿਖਣ ਪਿਛੋਂ ਇਨ੍ਹਾਂ ਦੇ ਉਚੇ ਆਚਰਨ ਦੀ ਬਾਤ ਵੀ ਕਾਜ਼ੀ ਸਾਹਿਬ ਕਹਿ ਹੀ ਜਾਂਦੇ ਹਨ–

(੪੫) ਇਹ ਨਾਮਰਦ (ਹਾਰੇ ਹੋਏ) ਨੂੰ ਕਦੇ ਨਹੀਂ ਮਾਰਦੇ ਅਤੇ ਨਾ ਹੀ ਲੜਾਈ ਚੋਂ ਭਜ ਨਿਕਲੇ ਨੂੰ ਘੇਰਦੇ ਹਨ।

(੪੬) ਲੁਟ ਸਮੇਂ ਇਹ ਕਿਸੇ ਵੀ ਜ਼ਨਾਨੀ ਦਾ ਰੁਪਿਆ ਜਾਂ ਗਹਿਣਾ ਨਹੀਂ ਲੁਟਦੇ।

(੪੭) ਇਨ੍ਹਾਂ ਸੱਗਾਂ (ਕੁੱਤਿਆਂ) ਵਿਚ ਵਿਭਚਾਰ ਵੀ ਨਹੀਂ ਹੈ।

(੫੦) ਇਹ ਸੱਗ (ਕੁੱਤੇ) ਨਾ ਚੋਰੀ ਕਰਦੇ ਹਨ ਤੇ ਨਾ ਹੀ ਸੰਨ੍ਹ ਮਾਰਦੇ ਹਨ।

(੫੧) ਵਿਭਚਾਰੀ ਤੇ ਸੰਨ੍ਹ ਮਾਰਨ ਵਾਲੇ ਨਾਲ ਇਹ ਮੇਲ-ਮਿਲਾਪ ਵੀ ਨਹੀਂ ਰਖਦੇ।

(੫੨) ਇਹ ਸੱਗ (ਕੁੱਤੇ) ਹਿੰਦੂਆਂ ਵਿਚੋਂ ਨਹੀਂ ਹਨ। ਇਨ੍ਹਾਂ ਭੇੜਿਆਂ ਦਾ ਰਾਹ (ਧਰਮ-ਮਾਰਗ) ਵਖਰਾ ਹੈ।

ਨਫ਼ਰਤ ਤੇ ਈਰਖਾ ਨਾਲ ਭਰੇ ਹੋਏ ਕਾਜ਼ੀ ਤੋਂ ਲਿਖੀਆਂ ਗਈਆਂ ਇਹ ਸਤਰਾਂ ਗੁਰਸਿਖਾਂ ਦੇ ਉਚੇ ਸੁਚੇ ਜੀਵਨ ਬਾਰੇ ਚਾਨਣਾ ਪਾਂਦੀਆਂ ਹਨ ਕਿ ਉਸ ਭਿਆਨਕ ਤੇ ਭੈ-ਭੀਤ ਕਰ ਦੇਣ ਵਾਲੇ ਸਮੇਂ ਵਿਚ ਵੀ, ਜਦੋਂ ਕਿ ਕੋਈ ਹਿੰਦੂ ਜ਼ਾਂ ਸਿਖ ਉਚੀ ਉਭਾਸਰ ਨਹੀਂ ਸੀ ਸਕਦਾ, ਗੁਰਸਿਖ ਕਿਵੇਂ ਬਿਖਮ ਗੁਰਸਿਖੀ ਮਾਰਗ ਤੇ ਤੁਰਦਿਆਂ ਹੋਇਆਂ ਖੇੜਿਆਂ ਤੇ ਚੜ੍ਹਦੀਆਂ ਕਲਾ ਵਿਚ ਵਿਚਰਦੇ ਸਨ। ਉਸ ਦਾ ਕਾਰਨ ਸੀ ਕਿ ਉਹ ਗੁਰ-ਹੁਕਮਾਂ ਅਨੁਸਾਰ ਗੁਰੂ ਕੀ ਦਸੀ ਕਾਰ ਨਿਤ ਕਮਾਂਦੇ ਅਤੇ ਨਾਮ ਦੇ ਚਲੂਲੇ ਤੇ ਇਲਾਹੀ-ਰੰਗਾਂ ਵਿਚ ਵਿਗਸਦੇ ਹੋਏ ਉਡਦੇ ਫਿਰਦੇ ਸਨ, ਉਨ੍ਹਾਂ ਨੂੰ ਕੋਈ ਦੁਖ ਸੰਤਾਪ ਪੋਂਹਦਾ ਤਕ ਨਹੀਂ ਸੀ। ਉਹ ਸ੍ਰੀ ਗੁਰੂ ਰਾਮਦਾਸ ਜੀ ਦੇ ਇਨ੍ਹਾਂ ਫੁਰਮਾਨਾਂ ਨੂੰ ਅਮਲੀ ਤੋਰ ਤੇ ਕਮਾਂਦੇ ਸਨ–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥ ੨॥੧੧(੩੦੫)

ਹਾਂ ਜੀ, ਉਹ ਗੁਰੂ ਕੇ ਲਾਲ ਪਿਛਲੀ ਰਾਤ, ਨਵੀਂ ਆਉਣ ਵਾਲੀ ਭਲਕ ਸਮੇਂ ਉਠਦੇ, ਇਸ਼ਨਾਨੇ ਸੋਧਦੇ ਅਤੇ ਗੁਰ-ਸ਼ਬਦ ਦੀ ਕਮਾਈ ਕਰਦੇ ਤੇ ਫਿਰ ਗੁਰਬਾਣੀ ਦਾ ਉਚਾਰਨ ਕਰਦੇ। ਅੰਮ੍ਰਿਤ ਵੇਲੇ ਦੀ ਸ਼ਬਦ-ਕਮਾਈ ਸਦਕਾ, ਉਹ ਉਠਦਿਆਂ ਬਹਿੰਦਿਆਂ ਰੋਮ ਰੋਮ ਕਰਕੇ ਹਰਿ ਨਾਮ ਨਾਲ ਜੁੜੇ ਰਹਿੰਦੇ। ਜਿਹਾ ਕਿ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ–ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ [੯੦੧]

ਨਾਮ ਦੀ ਕਮਾਈ ਤਾਂ ਹੀ ਹੋ ਸਕਦੀ ਹੈ ਅਤੇ ਗੁਰੂ-ਕਿਰਪਾ ਦੇ ਪਾਤਰ ਤਦ ਹੀ ਬਣਿਆ ਜਾ ਸਕਦਾ ਹੈ, ਜੇ ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਗੁਰਸਿਖ ਇਉਂ ਜੀਉਂਦਾ ਹੈ–



www.AKJ.Org

ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ ॥ [ਵਾਰ ੧੮, ਪਉੜੀ ੬

ਅਤੇ—ਮਿਠਾ ਬੋਲਣ, ਨਿਵ ਚਲਣ, ਹਥਹੁ ਦੇ ਕੇ ਭਲਾ ਮਨਾਏ ॥

ਥੋੜਾ ਸਵਣਾ ਖਾਵਣਾ, ਥੋੜਾ ਬੋਲਣਿ ਗੁਰਮਤਿ ਪਾਏ ॥ [ਵਾਰ ੧੫, ਪਉੜੀ੨੮

ਉਹ ਇਤਨਾ ਗਰੀਬੀ ਸੁਭਾਵ ਵਿਚ ਵਿਚਰਦਾ ਹੈ ਕਿ—

ਪੈਰੀ ਪੈ ਪਾਖਾਕ ਹੋਇ, ਚਰਣ ਧੋਇ ਚਰਣੋਦਕ ਝੋਲਾ ॥

ਚਰਣ ਕਵਲ ਚਿਤੁ ਭਵਰੁ ਕਰਿ, ਭਵਜਲ ਅੰਦਰਿ ਰਹੈ ਨਿਰੋਲਾ ॥ [ਵਾਰ ੧੭, ਪਉੜੀ ੪

ਨਾਮ ਦਾ ਵਾਸਾ ਉਸ ਹਿਰਦੇ ਵਿਚ ਹੀ ਹੋ ਸਕਦਾ ਹੈ, ਜਿਸ ਵਿਚ ਗਰੀਬੀ ਹੈ, ਨਿਮਰਤਾ ਹੈ। ਜੋ ਤਾਣ ਹੁੰਦੇ ਹੋਇ ਨਿਤਾਣਾ ਹੈ ਅਤੇ ਮਾਣ ਹੁੰਦੇ ਹੋਇ ਨਿਮਾਣਾ ਹੈ। ਗੁਰਵਾਕ ਹੈ—

ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥੬॥੩॥ [ਸੁਖਮਨੀ ਮ: ੫

ਪਰ ਇਸ ਦੇ ਉਲਟ ਜੇ ਇਹ ਆਪਣੇ ਬਲ ਤੇ ਨਾਮ ਬਾਣੀ ਦੀ ਕਮਾਈ ਦੇ ਮਾਣ ਵਿਚ ਆ ਜਾਂਦਾ ਹੈ, ਤਾਂ ਫਿਰ—

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥ ਤਬ ਇਸ ਕਉ ਸੁਖੁ ਨਾਹੀ ਕੋਇ ॥

ਜਬ ਇਹੁ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥੪॥੧੨। [ਸੁਖਮਨੀ

ਮਨੁਖ ਦੇ ਅੰਦਰ ਮਾਣ ਆਇਆ ਤਾਂ ਸਭ ਕੁਝ ਗਿਆ ਸਮਝੋ। ਗੁਰੂ ਅਮਰਦਾਸ ਜੀ ਫੁਰਮਾਂਦੇ ਹਨ—

ਮਨ ਤੂ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥ ..

ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ, ਮਨ ਨਿਮਾਣਾ ਹੋਇ ਰਹੁ ॥੭॥ (ਪੰਨਾ ੪੪੧)

ਇਸ ਮਾਣ-ਹੰਕਾਰ ਵਿਚ ਫਸੇ ਹੋਏ ਅਸੀਂ ਆਪਣੇ ਆਪ ਨੂੰ ਤਾਂ ਉਚੀਆਂ ਟੀਸੀਆਂ ਵਿਚ ਪੁਜੇ ਜਾਣਦੇ ਹਾਂ ਅਤੇ ਸਚਖੰਡ ਦੇ ਪੰਧਾਊ ਵੀ ਆਪਣੇ ਆਪ ਨੂੰ ਹੀ ਬਣਾਂਦੇ ਹਾਂ, ਪਰ ਹੋਰਨਾਂ ਨੂੰ ਨਰਕਾਂ ਦੇ ਭਾਗੀ ਸਮਝਦੇ ਹਾਂ। ਇਹ ਕਰਤਾ ਪੁਰਖ ਹੀ ਜਾਣਦਾ ਹੈ ਕਿ ਕਿਸ ਨੇ ਸੱਚੀ ਦਰਗਾਹੇ ਪਰਵਾਣ ਪੈਣਾ ਹੈ। ਸਚੀ ਦਰਗਾਹੇ ਕਬੂਲ ਹੋਣ ਲਈ "ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰ" ਦਾ ਹੁਕਮ ਹਿਰਦੇ ਵਿਚ ਵਸਾਣ ਦੀ ਲੋੜ ਹੈ।

ਸੋ ਹਿਰਦੇ ਵਿਚ ਭੈ-ਭਾਵਨੀ ਦੇ ਨਾਲ ਹੀ ਗਰੀਬੀ ਦਾ ਵਾਸਾ ਹੋਵੇ ਤਾਂ ਹੀ ਗੁਰਸਿਖੀ ਦੀ ਸਚੀ ਸੁਚੀ ਕਾਰ ਕਮਾਈ ਜਾ ਸਕਦੀ ਹੈ। ਗੁਰਸਿਖੀ ਦੀ ਇਹ ਉਚੀ ਸੁਚੀ ਕਾਰ ਕਮਾਈ ਜਾਣ ਸਦਕਾ ਹੀ, ਗੁਰਸਿਖਾਂ ਨੇ ਆਪਣੇ ਅਲੌਕਿਕ ਕਰਤਬਾਂ ਸਦਕਾ ਜ਼ਾਲਮ ਹਕੂਮਤ ਨੂੰ ਪ੍ਰੇਸ਼ਾਨ ਕਰ ਦਿਤਾ ਸੀ। ਜਦੋਂ ਉਹ ਜ਼ੁਲਮ ਕਰ ਕਰ ਕੇ ਅੱਕ ਥੱਕ ਗਏ ਤਾਂ ਸ਼ਾਹੀ ਹੁਕਮ ਅਨੁਸਾਰ ਜ਼ਕਰੀਆ ਖਾਨ ਨੇ ਖ਼ਾਲਸੇ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ, ਜਿਸ ਨੂੰ ਕੋਈ ਸਿੰਘ ਵੀ ਕਬੂਲ ਨਹੀਂ ਸੀ ਕਰਨਾ ਚਾਹੁੰਦਾ। ਅਖੀਰ ਗੁਰਸਿਖੀ ਰੰਗਣ ਵਿਚ ਰੰਗੀਜੇ ਖਾਲਸਾ ਜੀ ਦੇ ਸੇਵਕ (ਨਵਾਬ) ਕਪੂਰ ਸਿੰਘ ਨੂੰ ਸੰਗਤ ਵਿਚ ਪੱਖਾ ਝਲਦਿਆਂ ਨੂੰ, ਸਿੰਘਾਂ ਵਲੋਂ ਨਵਾਬੀ ਕਬੂਲਣ ਦਾ ਹੁਕਮ ਦਿਤਾ ਗਿਆ। ਉਸ ਨੇ ਹੁਕਮ ਅਗੇ ਸਿਰ ਨਿਵਾਂਦਿਆਂ ਅਤਿ ਮਸਕੀਨੀ ਵਿਚ ਬੇਨਤੀ ਕੀਤੀ ਕਿ ਮੇਰੇ ਪਾਸੋਂ ਘੋੜਿਆਂ ਦੀ ਲਿੱਦ ਸਾਂਭਣ ਦੀ ਸੇਵਾ ਨਾ ਖੋਹੀ ਜਾਵੇ, ਸੰਗਤਾਂ ਦੇ ਜੂਠੇ ਬਰਤਣ ਮਾਂਜਣ, ਲੰਗਰ ਲਈ ਬਾਲਣ ਤੇ ਜਲ ਢੋਣ ਦੀ ਸੇਵਾ ਵੀ ਕਾਇਮ ਰਖੀ ਜਾਵੇ। ਇਉਂ ਪੁਰਾਤਨ ਗੁਰਸਿਖ ਗੁਰਸਿਖੀ ਦੀ ਅਤਿ ਬਿਖੜੀ ਕਾਰ ਨਾਮ-ਰੰਗਾਂ ਵਿਚ ਵਿਗਸ ਕੇ, ਕਮਾਂਦੇ ਹੋਏ, ਸੱਚਾ ਸੁੱਚਾ ਰਸ ਮਾਣਦੇ ਸਨ। ਗੁਰਸਿਖੀ ਦੇ ਇਸ ਅਲੌਕਿਕ ਸੁਖ ਦੇ ਟਾਕਰੇ ਚਿ ਦੁਨੀਆ ਭਰ ਦੀਆਂ ਬਾਦਸ਼ਾਹੀਆਂ ਦੇ ਸੁਖ ਉਨ੍ਹਾਂ ਨੂੰ ਹੇਚ ਜਾਪਦੇ ਸਨ।

ਪਰ ਜਦੋਂ ਸਿਖ-ਰਾਜ ਆ ਗਿਆ ਤਾਂ ਜੰਗਾਂ ਜੁਧਾਂ ਦੇ ਨਾਲ ਨਾਲ ਅਨਿਕ ਪ੍ਰਕਾਰੀ ਦੁਨੀਆਵੀ ਸੁਖਾਂ, ਵਡਿਆਈਆਂ ਤੇ ਮਾਣ ਤਾਣ ਨੇ ਆਣ ਡੇਰੇ ਲਏ। ਪੰਜਾਬ ਦੇ ਸਾਂਝੇ ਰਾਜ-ਪਰਬੰਧ ਵਿਚ ਜਿਥੇ ਕਈ ਮੁਸਲਮਾਨ ਸ਼ਾਮਲ ਸਨ, ਉਥੇ ਕਈ ਹਿੰਦੂ ਡੋਗਰੇ ਬ੍ਰਾਹਮਣ ਆਦਿ ਵੀ ਵੜ ਗਏ ਸਨ। ਇਹ ਡੋਗਰੇ ਬ੍ਰਾਹਮਣ ਆਦਿ ਸਿਖ ਸਰਦਾਰਾਂ ਤੇ ਮਹਾਰਾਜੇ ਆਦਿ ਦੀ ਚਾਪਲੂਸੀ ਕਰ ਕਰ ਕੇ ਸਿਖ ਰਾਜ ਵਿਚ ਛਾ ਗਏ ਅਤੇ ਸਹਿਜੇ ਸਹਿਜੇ ਗੁਰਸਿਖੀ



www.AKJ.Org

ਦੇ ਸਮਿਆਂ ਵਿਚ ਗੁਰਮਤਿ ਦੇ ਨਾਲ ਨਾਲ ਮਨਮਤਿ ਘੁਸੇੜਦੇ ਗਏ ਅਤੇ ਸਿਖ ਆਚਰਨ ਨੂੰ ਬਰਬਾਦ ਕਰਨ ਦੀਆਂ ਕੁਚਾਲਾਂ ਚਲਦੇ ਗਏ। ਨਤੀਜਾ ਇਹ ਹੋਇਆ ਕਿ ਗੁਰਸਿਖੀ ਜੀਵਨ ਵਿਚ ਢਿਲਿਆਈ ਆਂਦੀ ਗਈ ਅਤੇ ਸਿਖ ਆਪਣੇ ਅਸਲੀ ਨਿਸ਼ਾਨੇ ਤੋਂ ਉਕਦੇ ਗਏ। ਫਿਰ ਸਿਖ ਰਾਜ ਦਾ ਜੋ ਹਸ਼ਰ ਹੋਇਆ, ਇਤਿਹਾਸ ਦੇ ਉਹ ਵਰਕੇ ਖ਼ੂਨ ਨਾਲ ਰੰਗੇ ਪਏ ਹਨ।

ਅਜ ਵੀ ਸਿਖ ਮਾਇਆਵਾਦ ਦੀ ਲਪੇਟ ਵਿਚ ਉਲਝਿਆ ਪਿਆ ਹੈ। ਗੁਰੂ ਪਾਤਿਸ਼ਾਹ ਨੇ ਤਾਂ ਸਿਖ ਨੂੰ 'ਖੰਨਿਅਹੁ ਤਿਖੀ' ਤੇ 'ਵਾਲਹੁੰ ਨਿਕੀ' ਗੁਰਸਿਖੀ ਦੀ ਦਾਤਿ ਬਖਸ਼ ਕੇ ਫ਼ੁਰਮਾਇਆ—

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ, ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ...॥੧੪॥ (ਅਨੰਦੁ ਸਾਹਿਬ)

ਪਰ ਸਿਖ ਅੱਜ ਲਬੁ ਲੋਭੁ ਅਹੰਕਾਰੁ ਤੇ ਤ੍ਰਿਸ਼ਨਾ ਵਿਚ ਫਸ ਕੇ ਇਸ ਖੰਡੇਧਾਰ ਮਾਰਗ ਤੋਂ ਲਾਂਭੇ ਤੁਰਿਆ ਫਿਰਦਾ ਹੈ। ਮੋਹਨੀ ਮਾਇਆ ਦੇ ਬਾਹਰਮੁਖੀ ਸੁਖਾਂ ਦੀ ਭਾਲ ਵਿਚ ਅੰਨ੍ਹਾ ਹੋਇਆ ਪਿਆ ਹੈ। ਖਾਣ, ਪਹਿਰਣ, ਰੰਗ-ਤਮਾਸ਼ਿਆਂ ਤੇ ਮੌਜ-ਮੇਲੇ ਮਾਣਨ ਨੂੰ ਹੀ ਜ਼ਿੰਦਗੀ ਦਾ ਮੁਖ ਨਿਸ਼ਾਨਾ ਬਣਾਈ ਫਿਰਦਾ ਹੈ। ਪਦਾਰਥਾਂ ਦੀ ਭੁਖ ਤੇ ਤ੍ਰਿਸ਼ਨਾ ਇਤਨੀ ਵਧੀ ਹੋਈ ਹੈ ਕਿ ਕਿਤੇ ਤ੍ਰਿਪਤੀ ਹੈ ਹੀ ਨਹੀਂ। ਫਿਰ ਅੰਦਰ ਸ਼ਾਂਤੀ ਕਿਥੋਂ ਆਵੇ? ਨਾ ਅੰਮ੍ਰਿਤ ਵੇਲਾ ਹੈ, ਨਾ ਸੰਧਿਆ ਵੇਲਾ। ਗੁਰ-ਅਸਥਾਨਾਂ ਤੇ ਸਾਧ ਸੰਗਤ ਵਿਚ ਦੋਵੇਂ ਵੇਲੇ ਜੁੜਨ ਦੀ ਥਾਂ ਰੇਡੀਓ ਤੇ ਟੀ. ਵੀ. ਦੇ ਉਦਾਲੇ ਹੀ ਪਰਵਾਰਾਂ ਦੇ ਪਰਵਾਰ ਝੁਰਮਟ ਪਾਈ ਫਿਰਦੇ ਹਨ। ਜਿਥੇ ਸ਼ਾਮ ਨੂੰ ਸੋਦਰ ਆਰਤੀ ਦੀ ਚੌਕੀ ਵਿਚ ਜੁੜਨਾ ਸੀ, ਉਥੇ ਟੀ. ਵੀ. ਤੇ ਮਨੋਰੰਜਕ ਪ੍ਰੋਗਰਾਮਾਂ ਅਤੇ ਆਚਰਨ ਭ੍ਰਿਸ਼ਟ ਕਰਨ ਵਾਲੀਆਂ ਫਿਲਮਾਂ ਦੇਖਦਿਆਂ ਅਧੀ ਅਧੀ ਰਾਤ ਗੁਜ਼ਾਰ ਦੇਣੀ ਹੋਵੇ ਉਥੇ ਅੰਮ੍ਰਿਤ ਵੇਲੇ ਦੀ ਸੰਭਾਲ ਕਿਥੇ? ਟੈਲੀਵੀਯਨ ਅਤੇ ਫ਼ਿਲਮਾਂ ਦੇ ਪ੍ਰਭਾਵ ਹੇਠਾਂ ਸ਼ਰਮ ਹਯਾ ਦੀ ਥਾਂ ਨੰਗੇਜ, ਵੇਜ਼ਵਾਵਾਂ ਵਾਲੇ ਪਹਿਰਾਵੇ ਅਤੇ "ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ" (੮੨੦) ਦੇ ਗੰਦੇ ਰਾਗ ਨਾਦ ਹਿਰਦੇ ਵਿਚ ਵਾਸਾ ਕਰ ਰਹੇ ਹੋਣ ਉਥੇ ਗੁਰ-ਸ਼ਬਦ ਅਤੇ ਗੁਰ-ਬਾਣੀ ਸਿਖ ਦੇ ਅੰਤਰ-ਆਤਮੇ ਕਿਵੇਂ ਟਿਕ ਸਕਦੀ ਹੈ, ਉਥੇ 'ਖੰਨਿਅਹੁ ਤਿਖੀ ਵਾਲਹੁੰ ਨਿਕੀ' ਗੁਰਸਿਖੀ ਕਿਵੇਂ ਕਾਇਮ ਰਹਿ ਸਕਦੀ ਹੈ? ਇਨ੍ਹਾਂ ਮਨਮਤਾਂ ਤੇ ਕੁਚਸਕਿਆਂ ਵਿਚ ਫਸੇ ਹੋਇਆਂ ਨੂੰ ਗੁਰਸਿਖੀ ਦੇ ਅੰਮ੍ਰਿਤ-ਰਸ ਭੁੰਚਣ ਤੇ ਚੜ੍ਹਦੀ ਕਲਾ ਵਿਚ ਵਿਚਰਨ ਦੀ ਸੋਝੀ ਕਿਵੇਂ ਆ ਸਕਦੀ ਹੈ? ਐਸੇ ਪੁਰਸ਼ ਕੋਈ ਭੀੜਾ ਬਣਨ ਤੇ ਗੁਰਸਿਖੀ ਨੂੰ ਕੇਸਾਂ ਸਵਾਸਾਂ ਨਾਲ ਕਿਵੇਂ ਨਿਭਾਅ ਸਕਦੇ ਹਨ?

ਅਜਾਂ ਹੁਣੇ ਹੀ ਨਵੰਬਰ ੧੯੮੪ ਦੇ ਤੀਜੇ ਚੌਥੇ ਖ਼ੂਨੀ ਘਲੂਘਾਰੇ ਵਿਚ ਵੇਖਿਆ ਹੈ ਕਿ ਗੁਰਸਿਖੀ ਦੀ ਸੂਝ ਬੂਝ ਤੋਂ ਕੋਰੇ ਅਨੇਕਾਂ ਸਿਖ ਆਪਣੇ ਆਪ ਹੀ ਪਤਿਤ ਹੁੰਦੇ ਗਏ ਅਤੇ ਰਹਿਤ ਬਹਿਤ ਤੋਂ ਖ਼ਾਲੀ ਬੇਅੰਤ ਫ਼ੈਸ਼ਨਾਂ ਵਿਚ ਡੁਬੇ ਹੋਏ ਸਿਖ ਨੌਜੁਆਨ, ਬੀਬੀਆਂ ਤੇ ਬੱਚੇ ਬੁਰੀ ਤਰ੍ਹਾਂ ਕੋਹ ਕੋਹ ਕੇ ਮਾਰੇ ਗਏ। ਆਪਣੀ ਇਤਨੀ ਬੁਰੀ ਦਸ਼ਾ ਕਰਵਾ ਕੇ ਵੀ ਅਜੇ ਤਕ ਸਾਨੂੰ ਹੋਸ਼ ਨਹੀਂ ਆ ਰਹੀ ਅਤੇ ਉਸੇ ਤਰ੍ਹਾਂ ਫਿਰ ਮਾਇਆਵਾਦ ਵਿਚ ਉਲਝੇ ਹੋਏ ਗੁਰਸਿਖੀ ਦੇ ਸਹੀ ਮਾਰਗ ਤੋਂ ਖੁੰਝੇ ਫਿਰਦੇ ਹਾਂ। ਯਾਦ ਰਖੀਏ ਕਿ ਇਸ ਕੁਮਾਰਗ ਤੇ ਚਲ ਕੇ ਅਸੀਂ ਹੋਰ ਹੋਰ ਮਾਰ ਖਾਵਾਂਗੇ ਅਤੇ ਬੇਪਤ ਹੋਵਾਂਗੇ। ਜੇ ਅਸੀਂ ਅਣਖ, ਆਬਰੂ ਤੇ ਚੜ੍ਹਦੀਆਂ ਕਲਾ ਵਾਲਾ ਜੀਵਨ ਜੀਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਪੁਰਾਣੇ ਵਿਰਸੇ ਤੋਂ ਸੇਧ ਲੈਣੀ ਬਣਦੀ ਹੈ ਅਤੇ ਖੰਡੇਧਾਰ ਤੇ ਵਾਲਹੁ ਨਿਕੀ ਗੁਰਸਿਖੀ ਮਾਰਗ ਤੇ ਤੁਰ ਕੇ ਗੁਰੂ ਨਾਨਕ ਪਾਤਸ਼ਾਹ ਦੇ ਉਚੇ ਸੁਚੇ ਆਦਰਸ਼ ਨੂੰ ਦੁਨੀਆ ਵਿਚ ਉਜਾਗਰ ਕਰਨਾ ਚਾਹੀਦਾ ਹੈ, ਤਾਂਕਿ ਸਾਰੀ ਸ੍ਰਿਸ਼ਟੀ ਹਲੇਮੀ ਰਾਜ ਦੇ ਝੰਡੇ ਹੇਠ ਸੁਖ ਦਾ ਸਾਹ ਲੈ ਸਕੇ ਅਤੇ ਆਪਣੇ ਲੋਕ ਪਰਲੋਕ ਸੁਹੇਲੇ ਕਰ ਸਕੇ।

'ਸੂਰਾ' ਅੰਮ੍ਰਿਤਸਰ, ਦਸੰਬਰ ੧੯੮੫/੩੫

www.AKJ.Org

# ਧਰਮ ਪਰਚਾਰ

[ਮਾਸਟਰ ਤਾਰਾ ਸਿੰਘ ਜੀ]

......ਅਜੋ ਕਲ ਧਰਮ ਪਰਚਾਰ ਵਲ ਖ਼ਾਸ ਤੋਰ ਉਤੇ ਧਿਆਨ ਦੇਣ ਲਈ ਕਈ ਪਾਸਿਆਂ ਤੋਂ ਜ਼ੋਰ ਦਿਤਾ ਜਾ ਰਿਹਾ ਹੈ। ਪਰ ਆਮ ਕਰਕੇ ਧਰਮ ਪਰਚਾਰ ਦੇ ਅਰਥ ਕੇਵਲ ਲੈਕਚਰ ਜਾਂ ਕਥਾ ਕੀਰਤਨ ਹੀ ਸਮਝੇ ਜਾਂਦੇ ਹਨ। ਬੇਸ਼ਕ ਇਨ੍ਹਾਂ ਸਾਧਨਾਂ ਬਿਨਾਂ ਪਰਚਾਰ ਹੋ ਨਹੀਂ ਸਕਦਾ, ਪਰ ਇਹਨਾਂ ਸਾਧਨਾਂ ਨੂੰ ਸਾਧਨ ਹੀ ਸਮਝਣਾ ਚਾਹੀਦਾ ਹੈ। ਇਹ ਧਰਮ ਦਾ ਨਿਸਚਾ ਪੈਦਾ ਕਰਨ ਦੇ ਸਾਧਨ ਹੀ ਹਨ। ਪਰ ਜੇ ਲੈਕਚਰ ਦੇਣ ਵਾਲਿਆਂ ਜਾਂ ਕਥਾ ਕੀਰਤਨ ਕਰਨ ਵਾਲਿਆਂ ਦੇ ਆਪਣੇ ਮਨਾਂ ਵਿਚ ਧਰਮ ਦਾ ਨਿਸਚਾ ਪੈਦਾ ਨਹੀਂ ਹੁੰਦਾ ਤਾਂ ਸਭ ਪਾਖੰਡ ਹੀ ਹੈ। ਇਸ ਕਰਕੇ ਇਹ ਕਹਿਣਾ ਠੀਕ ਹੀ ਹੈ ਕਿ ਧਰਮ ਪਰਚਾਰ ਕਰੋ, ਪਾਖੰਡ ਪਰਚਾਰ ਨਾ ਕਰੋ।

ਮੂੰਹੋਂ ਕੁਝ ਹੋਰ ਕਹਿਣਾ ਤੇ ਮਨੋਂ ਕੁਝ ਹੋਰ ਕਹਿਣਾ, ਲੋਕਾਂ ਵਿਚ ਧਰਮ ਦੀ ਥਾਂ ਪਾਖੰਡ ਪੈਦਾ ਕਰ ਦੇਂਦਾ ਹੈ। ਜੇਕਰ ਕਥਾ ਕੀਰਤਨ ਵਾਲਿਆਂ ਦੀਆਂ ਕਰਤੂਤਾਂ ਤੋਂ ਪ੍ਰਗਟ ਹੋਵੇ ਕਿ ਉਹ ਜੋ ਕੁਝ ਜ਼ਬਾਨ ਤੋਂ ਕਹਿ ਰਹੇ ਹਨ, ਉਸ ਦੇ ਐਨ ਉਲਟ ਉਹਨਾਂ ਦੇ ਮਨ ਵਿਚ ਹੈ ਤਾਂ ਲੋਕੀਂ ਭੀ ਅਜਿਹੇ ਪਰਚਾਰਕਾਂ ਵਾਂਗੂ ਜ਼ਬਾਨੋਂ ਹੋਰ ਤੇ ਮਨੋਂ ਹੋਰ ਬਣ ਜਾਣ ਕਰਕੇ, ਧਰਮ ਲਈ ਕਲੰਕ ਬਣ ਜਾਂਦੇ ਹਨ।

ਧਰਮ ਦਾ ਨਿਸਚਾ ਲਫ਼ਜ਼ਾਂ ਤੋਂ ਪਰਗਟ ਨਹੀਂ ਹੁੰਦਾ, ਅਮਲਾਂ ਤੋਂ ਹੁੰਦਾ ਹੈ। ਇਸ ਲਈ ਇਉਂ ਸਮਝੋ ਕਿ **ਧਰਮ ਪਰਚਾਰ ਅਸਲ ਵਿਚ ਅਮਲਾਂ ਨਾਲ ਹੀ ਕੀਤਾ ਜਾ ਸਕਦਾ ਹੈ।** ਬੇਸ਼ਕ ਲਫ਼ਜ਼ ਸਾਡੇ ਅਮਲਾਂ ਨੂੰ ਸਮਝਾਣ ਲਈ ਜ਼ਰੂਰੀ ਹਨ, ਪਰ ਅਸਲੀ ਵਸਤ ਤਾਂ ਧਰਮੀ ਅਮਲ ਹੀ ਹਨ, ਜੋ ਨਿਸਚੇ ਵਿਚ ਪੈਦਾ ਹੁੰਦੇ ਹਨ ਤੇ ਜਿਨ੍ਹਾਂ ਰਾਹੀਂ ਨਿਸਚਾ ਤਾਕਤ ਪਕੜਦਾ ਹੈ।........

ਸਿਖੀ ਪਰਚਾਰ, ਸਿਖੀ ਧਰਮ, ਸਿਖੀ ਸ਼ਰਧਾ ਪੈਦਾ ਕਰਦੇ ਹਨ ਤਿਆਗ ਤੇ ਕੁਰਬਾਨੀ ਨੂੰ। ਜਿਸ ਵਿਚ ਤਿਆਗ ਨਹੀਂ ਹੈ, ਉਹ ਸਿਖੀ ਪਰਚਾਰ ਕਰਨ ਵਾਲਾ ਨਹੀਂ ਹੋ ਸਕਦਾ। ਜੇ ਸਿਖੀ-ਹੀਨ ਸਿਖੀ ਦਾ ਪਰਚਾਰ ਕਰਦਾ ਹੈ ਤਾਂ ਉਹ ਪਾਖੰਡ ਕਰਦਾ ਹੈ ਜਾਂ ਠੱਗੀ ਕਰਦਾ ਹੈ।

ਘਟੋ ਘਟ ਇਸ ਵੇਲੇ ਤਾਂ ਸਿਖੀ ਪਰਚਾਰ ਦਾ ਇਕੋ ਤਰੀਕਾ ਸਿਖ ਧਰਮ ਤੇ ਪੰਥ ਲਈ ਆਪਾ ਕੁਰਬਾਨ ਕਰਨਾ ਹੀ ਹੈ। ਬਾਣੀ ਪੜ੍ਹਨਾ, ਨਾਮ ਜਪਣਾ, ਗੁਰਸਿਖਾਂ ਤੇ ਗੁਰੂ ਸਾਹਿਬਾਨ ਦੇ ਜੀਵਨ ਪੜ੍ਹ ਕੇ ਤੇ ਰਹਿਤ ਰਖਣਾ ਆਦਿ ਸਿਖੀ ਸ਼ਰਧਾ ਪੈਦਾ ਕਰਨ ਦੇ ਸਾਧਨ ਹਨ ਤੇ ਸਿਖੀ ਸ਼ਰਧਾ ਦਾ ਫਲ ਇਸ ਵੇਲੇ ਕੁਰਬਾਨੀ, ਤਿਆਗ ਤੇ ਆਪਾ ਵਾਰਨਾ ਹੀ ਹੋ ਸਕਦੇ ਹਨ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ.ਸਾ:ਰਣਧੀਰ ਸਿੰਘ ਸ਼ਤ ਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-:0 | ਗੁਰਮਤਿ ਅਨਹਦ ਸ਼ਬਦ ,, | ੦-੪੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੬੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ | | | ੦-੭੫ |
| ਸਿੱਖ ਇੱਕ ਵੱਖਰੀ ਕੌਮ (ਸੂਰਾ ਦਾ ਵਿਸ਼ੇਸ਼ ਤੇ ਅਮੋਲਕ ਅੰਕ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) | | | ੫-੦੦ |





www.AKJ.Org

# ਸ਼ਬਦ-ਸੁਰਤ ਤੇ ਸੱਚੀ ਯੋਗ-ਸਾਧਨਾ

[ ਵਲੋਂ :– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਹੱਠ-ਯੋਗੀਆਂ ਵਾਲੇ ਧਿਆਨ ਦੇ ਉਪਾਸ਼ਕ ਜੀ ਦਾ ਪਹਿਲੇ ਪੈਰੇ ਵਿਚ ਵਿਚਾਰ ਹੈ। ਇਸ ਤੋਂ ਬਾਅਦ ਭਾਈ ਸਾਹਿਬ ਜੀ ਵਲੋਂ ਗੁਰਮਤਿ ਦੀ ਰੋਸ਼ਨੀ ਵਿਚ ਇਸ ਬਾਰੇ ਖੋਲ੍ਹ ਕੇ ਵਿਆਖਿਆ ਕੀਤੀ ਗਈ ਹੈ।

(੩੧) "ਗੁਰਮਤਿ ਨਾਮ ਦੇ ਅਭਿਆਸ ਨੂੰ ਅਧਿਕ ਤੋਂ ਅਧਿਕ ਦ੍ਰਿੜ੍ਹਾਉਣ ਅਤੇ ਸੁਰਤ-ਸ਼ਬਦ ਸੁਆਸ ਅਭਿਆਸ ਦਾ ਖੰਡਾ ਖੜਕਾਉਣ ਲਈ ਨਿਰਸੰਦੇਹ ਬਾਣੀ ਦਾ ਪਾਠ ਅਤੇ ਕੀਰਤਨ ਅਤਿਅੰਤ ਸਹਾਈ ਹਨ। ਪ੍ਰੰਤੂ ਜਾਪ-ਸਿਮਰਨ ਦੇ ਅਭਿਆਸੀ ਜਨ ਨੂੰ ਹਰ ਸਮੇਂ ਸੁਆਸਿ ਸੁਆਸਿ ਇਹ ਸਹਾਇਤਾ ਨਹੀਂ ਮਿਲ ਸਕਦੀ। ਤਾਂ ਤੇ ਜੇਕਰ ਬਾਣੀ ਦੇ ਪਾਠ ਅਤੇ ਕੀਰਤਨ ਦਾ ਅਵਸਰ ਨਾ ਬਣੇ ਤਾਂ ਫੇਰ ਆਪ ਦੀ ਧਾਰਨਾ ਅਤੇ ਧਿਆਨ ਦਾ ਕੰਮ ਕਿਕੂੰ ਚਲ੍ਹੇ ? ਜਾਪ-ਸਿਮਰਨ ਤਾਂ ਅਠੇ ਪਹਿਰ ਜਾਰੀ ਰਹਿਣਾ ਹੋਇਆ।"

ਐਸਾ ਜਾਪਦਾ ਹੈ ਕਿ ਆਪ ਦੇ ਖ਼ਿਆਲ ਅੰਦਰ ਯੋਗੀ ਜਨਾਂ ਵਾਲੀ ਧਿਆਨ-ਯੁਕਤੀ ਵਾਲਾ ਅਕਸ ਜੰਮਿਆ ਹੋਇਆ ਹੈ, ਕਿਉਂ ਕਿ ਉਹ ਸਮਾਧੀ ਲਾਉਣ ਲਗੇ ਕੇਵਲ ਕਿੰਚਤ ਮਾਤਰੀ ਕਾਲ ਲਈ ਹੀ ਧਿਆਨ ਜੋੜਦੇ ਹਨ ਅਤੇ ਖਾਸ ਖ਼ਾਸ ਬੱਧੇ ਸਮਿਆਂ ਅੰਦਰ ਹੀ ਧਿਆਨ-ਚਿੱਲਿਆਂ ਵਿਚ ਬੈਠਦੇ ਹਨ। ਸਮਾਧ-ਸਿਧੀ ਪਸਚਾਤ ਤਿਨ੍ਹਾਂ ਨੂੰ ਧਿਆਨ ਜੋੜਨ ਦੀ ਲੋੜ ਨਹੀਂ ਰਹਿੰਦੀ ਤੇ ਪੈਂਦੀ। ਤਿਸ ਕਿੰਚਤ ਮਾਤਰ ਧਿਆਨ-ਕਾਲ ਸਮੇਂ ਯੋਗੀ-ਜਨ ਸ਼ਬਦਾਂ ਅਰਥਾਂ ਵਲ ਧਿਆਨ ਜੋੜਦੇ ਹਨ, ਸਜਣ ਜੀ ਨੇ ਏਥੇ ਥੋੜਾ ਵਧਾ ਇਹ ਕੀਤਾ ਹੈ ਕਿ ਗੁਰਮਤਿ-ਜਾਪ ਸਿਮਰਨ ਜੁਗਤੀ ਅਨੁਸਾਰ ਬਾਣੀ ਦਾ ਪਾਠ ਅਤੇ ਕੀਰਤਨ ਭੀ 'ਧਾਰਨਾ' ਅਤੇ 'ਧਿਆਨ' ਦਾ ਕੰਮ ਦਿੰਦੇ ਹਨ। ਸਾਨੂੰ ਯੋਗੀ ਜਨਾਂ ਦੇ ਯੋਗ ਖਲਜਗਣ ਵਿਚ ਪੈਣ ਦੀ ਲੋੜ ਨਹੀਂ। ਪ੍ਰੰਤੂ ਆਪ ਜੀ ਦੇ ਕਥੇ ਜਾਪ-ਸਿਮਰਨ ਸੰਬੰਧੀ ਧਿਆਨ-ਪ੍ਰਥਾਇ ਗੁਰਮਤਿ-ਨਿਰਣਾ ਕਰਨ ਸੇਤੀ ਕਾਜ ਹੈ।

ਪਹਿਲਾਂ ਤਾਂ ਆਪ ਇਉਂ ਆਖਦੇ ਹਨ ਕਿ ਸਿਮਰਨ ਤਾਂ ਧਿਆਨ ਧਾਰਨਾ ਹੈ, ਅਕਾਲ ਪੁਰਖ ਦਾ, ਜਿਸ ਦੇ ਰੂਪ ਸਰੂਪ ਤੋਂ ਅਸੀਂ ਜਾਣੂ ਹੀ ਨਹੀਂ, ਤਾਂ ਫੇਰ ਅਸੀਂ ਇਸ ਰੂਪ ਦੀ ਸਹਾਇਤਾ ਕੀ ਲੈ ਸਕਦੇ ਹਾਂ। ਅਤੇ ਅਕਾਲ ਪੁਰਖ ਜਿਸਦੇ ਧਿਆਨ ਲਈ ਅਸੀਂ ਤਰਲੇ ਲੈਣੇ ਹਨ ਯਾ ਜਿਸਦਾ ਅਸੀਂ ਧਿਆਨ ਧਰਨਾ ਹੈ, ਉਸ ਦੇ ਅਰਥ ਕੀ ਹੋ ਸਕਦੇ ਹਨ। ਨਾ-ਮਲੂਮ ਪਦਾਰਥ ਦੇ ਅਰਥਾਂ ਦਾ ਇਲਮ ਕੀ ਹੋ ਸਕਦਾ ਹੈ ? ਨਾ-ਮਲੂਮ ਦੇ ਅਰਥ ਭੀ ਨਾ-ਮਲੂਮ ਹਨ। ਤਦ ਉਹਨਾਂ ਦਾ ਧਿਆਨ ਕੀ ? ਅਤੇ ਕਿਵੇਂ ਬਝ ਸਕੂ ? ਕਿਵੇਂ ਭੀ ਨਹੀਂ। ਸ਼ਾਇਦ ਸਜਣ ਜੀ ਦਾ ਇਹ ਮਤਲਬ ਹੈ ਕਿ ਅਕਾਲ ਪੁਰਖ ਦੇ ਗੁਣਾਂ ਨੂੰ ਕਥਨਹਾਰੀ ਜੋ ਗੁਰਬਾਣੀ ਹੈ, ਅਥਵਾ ਅਕਾਲ ਪੁਰਖ ਦੇ ਅਲੇਖ ਸਰੂਪ ਨੂੰ ਲਖਾਵਣਹਾਰੀ ਜੋ ਗੁਰਬਾਣੀ ਹੈ, ਤਿਸ ਗੁਰਬਾਣੀ ਦੇ ਅਰਥਾਂ ਉਤੇ ਧਿਆਨ ਜਮਾਉਣਾ ਜਾਪ-ਸਿਮਰਨ ਨੂੰ ਸਹਾਈ ਹੁੰਦਾ ਹੈ। ਸੋ ਜੇਕਰ ਤਾਂ ਗੁਰਬਾਣੀ ਦੇ ਅਰਥਾਂ ਨੂੰ ਜਾਣ ਲੈਣ ਨਾਲ ਹੀ ਅਕਾਲ ਪੁਰਖ ਦੇ ਅਲਖ ਸਰੂਪ ਨੂੰ ਜਾਣ ਲਈਦਾ ਹੈ ਤਦ ਤਾਂ ਜਾਪ-ਸਿਮਰਨ ਦੀ ਲੋੜ ਹੀ ਨਹੀਂ। ਕਿਉਂਕਿ ਜਾਪ-ਸਿਮਰਨ ਕਰਨ ਦਾ ਨਮਿਤ-ਕਾਰਨ ਅਲਖ ਪਾਰਬ੍ਰਹਮ ਅਕਾਲ ਪੁਰਖ ਦੀ ਲਖਤਾ ਮਈ ਸਿਧੀ ਲਈ ਹੈ। ਅਤੇ ਜੇਕਰ ਗੁਰਬਾਣੀ ਦੇ ਅਰਥਾਂ ਨੂੰ ਅਨੁਮਾਨ ਮਾਤਰ ਜਾਣ ਲੈਣ ਨਾਲ ਅਕਾਲ ਪੁਰਖ ਦੇ ਅਲਖ ਸਰੂਪ ਦੀ ਤਤ ਲਖਤਾ ਪ੍ਰਾਪਤ ਨਹੀਂ ਹੁੰਦੀ, ਐਵੇਂ ਅਨੁਮਾਨ ਮਾਤਰ ਬੋਧ ਹੀ ਹੁੰਦਾ ਹੈ, ਤਦ ਗੁਰਬਾਣੀ ਦੇ ਅਨੁਮਾਨ ਮਾਤਰ ਅਰਥਾਂ ਦਾ ਧਿਆਨ ਧਰਨਾ ਜਾਪ ਸਿਮਰਨ ਪ੍ਰਤੀ ਕੀ ਸਹਾਈ ਹੋ ਸਕਦਾ ਹੈ। ਅਸਾਡੇ ਆਪੇ ਅਨੁਮਾਨ ਕੀਤੇ ਹੋਏ ਗੁਰਬਾਣੀ ਦੇ ਅਰਥ ਅਕਾਲ ਪੁਰਖ ਦੇ ਤੱਤ ਅਲੱਖ ਸਰੂਪ ਦੇ ਲਖਾਇਕ ਨਹੀਂ ਹੋ ਸਕਦੇ। ਇਸ ਤੱਤ ਅਲਖ ਸਰੂਪ ਨੂੰ ਸਤਿਗੁਰਾਂ ਨੇ ਹੀ ਸਾਂਗੋ ਪਾਂਗ ਲਖਿਆ ਅਤੇ ਇਸ ਤੱਤ-ਲਖਤਾ ਦੀ ਸਾਂਗੋ ਪਾਂਗ ਸਾਖਸ਼ਾਤ-ਕਾਰਤਾ ਅੰਦਰ ਹੀ ਗੁਰਬਾਣੀ ਸਾਖਸ਼ਾਤਕਾਰ ਹੋਈ। ਤਾਂ ਤੇ ਗੁਰਬਾਣੀ ਅਕਾਲ ਪੁਰਖ ਦਾ ਸਾਖਿਆਤ ਗਿਆਨ ਹੈ।

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥ [ਰਾਮਕਲੀ ਮ: ੫, ਪੰਨਾ ੯੯੪

'ਸੂਰਾ' ਅੰਮ੍ਰਿਤਸਰ, ਦਸੰਬਰ ੧੯੮੫/੩੭

www.AKJ.Org

ਇਸ ਧੁਰ ਕੀ ਬਾਣੀ ਦੇ ਤਤ ਸਾਖਿਆਤ ਅਰਥ ਧੁਰ ਦੀ ਪਹੁੰਚ ਵਾਲੇ ਪੁਰਖ ਹੀ ਸਮਝ ਸਕਦੇ ਹਨ। ਇਸ ਤਤ ਵਾਸਤਵੀ ਅਰਥਾਂ ਦੀ ਸਾਖਸ਼ਾਤ-ਲਖਤਾ ਤੋਂ ਬਿਹੂਣ, ਅਰਥਾਂ ਦਾ ਧਿਆਨ ਕੀ ਅਰਥ ਰਖ ਸਕਦਾ ਹੈ ? ਐਵੇਂ ਅਨੁਮਾਨ ਹੀ ਅਨੁਮਾਨ ਹੈ। ਇਸ ਨਿਰੇ ਅਨੁਮਾਨ ਦਾ ਜਾਪ ਸਿਮਰਨ ਨੂੰ ਕੀ ਸਹਾਰਾ ? ਐਸਾ ਪ੍ਰਤੀਤ ਹੁੰਦਾ ਹੈ ਕਿ ਉਹਨਾਂ ਦੇ ਨਿਕਟ ਗੁਰਬਾਣੀ ਦਾ ਬਾਹਿਰਵਾਰ ਭਾਵ-ਅਰਥ ਵਿਚਾਰ ਕੇ (ਅਨੁਮਾਨ ਕੇ) ਪੜ੍ਹੀ ਜਾਣਾ ਹੀ ਧਿਆਨ ਸੰਯੁਕਤ ਜਾਪ-ਸਿਮਰਨ ਦਾ ਕਰਨਾ ਹੈ। ਇਹੋ ਹੀ ਜਾਪ-ਸਿਮਰਨ ਹੈ। ਇਸ ਤੋਂ ਭਿੰਨ ਇਹਨਾਂ ਦੇ ਨਿਕਟ ਹੋਰ ਕੋਈ ਜਾਪ-ਸਿਮਰਨ ਨਹੀਂ, ਨਾ ਕੋਈ ਗੁਰਮੰਤਰ ਗੁਰਮਤਿ ਨਾਮ ਦਾ ਅਭਿਆਸ ਹੈ। ਤਾਂ ਹੀ ਉਹ ਕਹਿੰਦੇ ਹਨ ਕਿ 'ਮਨ ਨੂੰ ਇਕਾਗਰ ਕਰਨ ਲਈ ਬਾਣੀ ਦਾ ਪਾਠ, ਜਿਹਦੇ ਵਿਚ ਇਕੋ ਭਾਵ ਨੂੰ ਘੜੀ ਮੁੜੀ ਵਰਨਨ ਕੀਤਾ ਗਿਆ ਹੈ, ਸਹਾਇਤਾ ਕਰਦਾ ਹੈ।' ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰਬਾਣੀ ਦਾ ਪਾਠ ਮਾਤਰ ਹੀ ਪਾਰਸ ਰੂਪ ਹੈ। ਗੁਰਬਾਣੀ ਅੰਮ੍ਰਿਤ ਬਾਣੀ ਜੁ ਹੋਈ। ਅੰਮ੍ਰਿਤ ਬਾਣੀ ਦਾ ਪਾਠ ਰੂਪੀ ਪਰਸਨ ਹੀ ਪਾਰਸ ਕਲਾ ਸੰਪੰਨ ਹੈ। ਜਿਉਂ ਜਿਉਂ ਅਤੇ ਜਿਤਨਾ ਭੀ ਗੁਰਬਾਣੀ ਦਾ ਪਾਠ ਕੀਤਾ ਜਾਵੇ, ਤਿਉਂ ਤਿਉਂ ਅਤੇ ਤਿਤਨੀ ਹੀ ਪਾਠੀ ਜਨ ਦੀ ਬਿਰਤੀ ਸੁਰਤੀ ਸੈਕਲ ਹੁੰਦੀ ਚਲੀ ਜਾਂਦੀ ਹੈ ਅਤੇ ਗੁਰਬਾਣੀ ਦਾ ਕੀਰਤਨ ਤਾਂ ਅੰਮ੍ਰਿਤ ਪਾਰਸ ਸੁਰਤਿ ਕਰਿ ਅਨੰਤ ਕਲਾ ਸੰਪੂਰਨ ਹੈ। ਪਰ ਆਪ ਜੀ ਦੀ ਸ਼ਰਧਾ ਗੁਰਬਾਣੀ ਦੀ ਇਸ ਪਾਰਸ ਕਲਾ ਉਪਰ ਬਝੀ ਪਰਤੀਤ ਨਹੀਂ ਹੁੰਦੀ। ਉਹ ਤਾਂ ਬਾਣੀ ਦੀ ਮਨ-ਉਕਤ ਅਰਥਾ-ਬੰਦੀ ਉਤੇ ਹੀ ਮਨ ਟਿਕਾਇਆ ਲੋੜਦੇ ਹਨ। ਇਹ ਤਾਂ ਉਹੋ ਮਨ-ਕਲਪਤ ਅਰਥਾ-ਤਸੱਵਰੀ ਵਾਲੀ ਹੀ ਖੇਡ ਹੈ। ਆਪ ਕੀਰਤਨ ਨੂੰ ਮਹਿਜ਼ ਰਾਗ ਸਮਝਦੇ ਹੋਏ, ਰਾਗ ਦਾ ਅਸਰ ਤਾਂ ਮਨੁੱਖੀ ਮਨ ਤੇ ਬਹੁਤ ਮੰਨਦੇ ਹਨ ਅਤੇ ਕਹਿੰਦੇ ਹਨ ਕਿ 'ਇਹਦੇ ਵਿਚ (ਰਾਗ ਵਿਚ) ਮਨ ਨੂੰ ਖਿਚ ਲੈਣ ਦੀ ਸ਼ਕਤੀ ਹੈ।' ਆਮ ਰਾਗ ਵਿਚ ਮਨ ਨੂੰ ਮੋਹਤ ਕਰ ਲੈਣ (ਖਿਚ ਲੈਣ) ਦੀ ਕੁਸ਼ਕਤੀ ਤਾਂ ਹੈ, ਪਰ ਅੰਮ੍ਰਿਤ-ਕਲਾ ਵਰਤਾਉਣ ਦੀ ਪਾਰਸ-ਸ਼ਕਤਿ ਨਹੀਂ। ਇਹ ਪਾਰਸ-ਸ਼ਕਤਿ ਗੁਰਬਾਣੀ ਅਤੇ ਗੁਰਬਾਣੀ ਦੇ ਕੀਰਤਨ ਵਿਚ ਹੈ। ਅਤੇ ਅੰਮ੍ਰਿਤ ਰੂਪ ਗੁਰਮਤਿ ਨਾਮ, ਅਰਥਾਤ ਗੁਰ-ਮੰਤਰ (ਗੁਰ-ਸ਼ਬਦ) ਦੇ ਜਾਪ ਸਿਮਰਨ ਅੰਦਰ ਇਹ ਪਾਰਸ ਕਲਾ ਅਮਰੋਂ ਹੀ ਹੈ। ਸ਼ਬਦ (ਗੁਰਮੰਤਰ) ਦੀ ਨਿਜ ਜ਼ਾਤ ਅੰਦਰ ਇਹ ਪਾਰਸ-ਕਲਾ ਹੈ। **ਇਸ ਸ਼ਬਦ (ਗੁਰ-ਮੰਤਰ, ਗੁਰਮਤਿ ਨਾਮ) ਦੇ ਰਸਨਾ ਦੁਆਰਾ ਪਰਸਨ ਕਰਿ, ਅਤੇ ਬਾਰੰਬਾਰ ਪਰਸਨ ਕਰਿ ਇਸ ਰਜਿਕ ਰਸਾਯਿਣੀ ਪਾਰਸ-ਕਲਾ ਦਾ ਰਿਦੰਤਰਿ ਨੂਰ-ਕਿਰਨੀ ਜ਼ਹੂਰ ਹੋ ਜਾਂਦਾ ਹੈ। ਸ਼ਬਦ ਗੁਰ-ਮੰਤਰ ਦੇ ਜਾਪ-ਸਿਮਰਨ ਦਾ ਇਹ ਨੂਰ-ਕਿਰਨ ਰਸਾਇਣੀ ਜ਼ਹੂਰ ਅੰਤਰਿ ਆਤਮੇ, ਅਜਿਹਾ ਸਰੂਰ-ਰਹੱਸ ਆਸ਼ਕਾਰ ਕਰ ਦੇਂਦਾ ਹੈ ਜਿਸ ਦੇ ਪ੍ਰਭਾਵ ਕਰਿ ਸੁਰਤਿ ਆਪਣੇ ਆਪ ਹੀ ਅਮਿਉ ਰਸਾਇਣੀ ਸ਼ਬਦ ਗੁਰਮੰਤਰ ਦੇ ਅਭਿਆਸ ਵਿਚ ਟਿਕ ਜਾਂਦੀ ਹੈ। ਇਹੋ ਸ਼ਬਦ ਸੁਰਤਿ ਦਾ ਅਗੰਮੀ ਗੁਰਮਤਿ ਨਿਰਣਾ ਹੈ।** ਸ਼ਬਦ ਸੁਰਤਿ ਦੀ ਇਹ ਗੁਰਮਤਿ ਜੁਗਤਿ-ਬਿਧੀ ਕੇਵਲ ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੈ ਅਤੇ ਗੁਰਮਤਿ ਨਾਮ ਦੇ ਦ੍ਰਿੜ੍ਹ ਵਿਸ਼ਵਾਸੀ ਅਭਿਆਸੀ ਜਨਾਂ ਨੂੰ ਹੀ ਸੀਨਾ ਬਸੀਨਾ ਪੂਰਨ ਪੰਚਾਮ੍ਰਿਤ ਗੁਰਮਤਿ ਵਿਧੀ ਅਨੁਸਾਰ ਹੀ ਸਫੁਰਨ ਹੋ ਸਕਦੀ ਹੈ। ਸ਼ਬਦ **ਸੁਰਤਿ ਦੇ ਅਭਿਆਸੀ ਜਨਾਂ ਨੂੰ ਕਿਸੇ ਹੋਰ ਅਰਥ-ਮੂਰਤੀ ਪਰ ਧਿਆਨ ਜਮਾਉਣ ਵਿਚ ਬਾਹਜ-ਮੁਖੀ ਹੋਣ ਦੀ ਲੋੜ ਨਹੀਂ। ਨਾਮ, ਗੁਰਮਤਿ ਨਾਮ ਦੇ ਅਭਿਆਸੀ ਪ੍ਰੇਮੀਆਂ ਨੇ ਪ੍ਰੀਤਮ ਨਾਮੀ ਦੇ ਮਿਲਣ ਸੰਦੀ ਪਿਰਮ ਪ੍ਰੀਤ ਨੂੰ ਹਿਰਦੇ ਵਿਚ ਧਾਰ ਕੇ ਗੁਰੂ ਆਸਰੇ ਨਾਮ ਜਪਣ ਵਿਚ ਜੁਟ ਜਾਣਾ ਹੈ ਅਤੇ ਨਾਮ ਜਪਦੇ ਹੋਏ ਧਿਆਨ-ਸੁਰਤੀ ਗੁਰ-ਮੂਰਤ ਗੁਰ-ਸ਼ਬਦ (ਗੁਰ-ਮੰਤਰ) ਵਿਖੇ ਹੀ ਰਖਣੀ ਹੈ।**

ਪ੍ਰਿਥਮ ਪ੍ਰਿਥਮ ਸ਼ਬਦ-ਜਾਪ ਦੀ ਅਰੰਭ ਅਵਸਥਾ ਵਿਖੇ ਸੁਰਤੀ ਨੂੰ ਮੋੜ ਮੋੜ ਕੇ ਗੁਰਸ਼ਬਦ (ਗੁਰਮੰਤਰ) ਦੇ ਜਾਪ ਵਿਖੇ ਜੋੜਨ ਦਾ ਕਿੰਚਤ ਮਾਤਰੀ ਯਤਨ ਗੁਰ-ਨਦਰ ਮੋਹਰੀ ਅੰਕੂਰ ਉਪਜਾਉਂਦਾ ਹੈ ਕਿ ਗੁਰੂ ਰੂਪ ਗੁਰ-ਸ਼ਬਦ (ਗੁਰਮੰਤਰ) ਆਪਣੀ ਪਾਰਸ ਕਲਾ ਵਰਤਾ ਕੇ ਅਭਿਆਸੀ ਜਨ ਨੂੰ "ਕੋਟ ਪੈਂਡਾ ਆਗੈ ਹੋਇ ਲੇਤ ਹੈ।" ਕੇਵਲ ਕਿੰਚਤ ਕਾਲ ਹੀ ਸਿਲ ਅਲੂਣੀ ਚਟਣੀ ਪੈਂਦੀ ਹੈ, ਫਿਰ ਤਾਂ ਆਪੋਂ ਹੀ ਗੁਰਸ਼ਬਦ ਨੇ ਆਪਣੀ ਅੰਮ੍ਰਿਤ-ਕਲਾ ਵਰਤਾ ਕੇ ਅਭਿਆਸੀ ਜਨ ਨੂੰ ਸ਼ਬਦ-ਸੁਰਤਾ, ਸ਼ਬਦ-ਰਸੀਆ ਬਣਾ ਦੇਣਾ ਹੈ। ਏਤੇ ਕਰਕੇ ਤਾਂ ਗੁਰਸ਼ਬਦ, ਗੁਰਮਤਿ ਨਾਮ



www.AKJ.Org

ਮੰਤਰ ਰੂਪ ਹੈ। ਮੰਤਰ ਦਾ ਜਾਪ ਸਿਮਰਨ ਜੇ ਅੰਮ੍ਰਿਤ ਕਲਾ, ਪਾਰਸ ਕਲਾ ਨਾ ਵਰਤਾਏ ਤਾਂ ਮੰਤਰ ਕਾਹਦਾ? ਗੁਰੂ ਘਰ ਦੇ ਸ਼ਬਦ ਸੁਰਤਿ ਦੀ ਇਹ ਵਿਲੱਖਣ ਖੇਡ ਹੈ । ਗੁਰਮਤਿ ਸ਼ਬੰਦ-ਸੁਰਤਿ-ਭਗਤ-ਜੁਗਤਿ ਤੋਂ ਘੁਥੇ ਜੋਗੀ ਜਨਾਂ ਦੇ ਜੋਗ ਕਿਸੇ ਲੇਖੇ ਨਹੀਂ ਪੈਂਦੇ। ਗੁਰਮਤਿ ਨਾਮ ਬਿਨਾਂ ਸਚਾ ਜੋਗ ਹੋ ਹੀ ਨਹੀਂ ਸਕਦਾ। ਯਥਾ ਗੁਰਵਾਕ—

ਨਾਮੇ ਨਾਮਿ ਰਹੈ ਬੈਰਾਗੀ ਸਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥...
ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥
ਨਾਮੇ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥

[ਰਾਮਕਲੀ ਮ: ੧, ਸਿਧ ਗੋਸਟਿ, ੯੪੬

ਇਸ ਗੁਰ ਪ੍ਰਮਾਣ ਦੇ ਸਾਰ ਤਤ ਤੋਂ ਇਹ ਗੱਲਾਂ ਸਾਫ਼ ਸਪੱਸ਼ਟ ਹੁੰਦੀਆਂ ਹਨ ਕਿ ਨਾਮ ਬਿਨਾਂ ਜੋਗ ਕਦੰਤ ਨਹੀਂ ਹੋ ਸਕਦਾ ਅਤੇ ਨਾ ਹੀ ਨਾਮੋਂ ਘੁਥੇ ਜੋਗ ਦਾ ਕੁਛ ਨਿਘਾਸ ਹੈ। ਨਾਮ ਦੁਆਰਾ ਹੀ ਨਾਮ ਵਿਚ ਲਿਵ ਲਗਦੀ ਹੈ। ਨਾਮ ਵਿਚ ਰਤੇ ਰਹਿਣ ਕਰਕੇ, ਅਤੇ ਦਿਨ ਰਾਤ ਨਾਮ ਵਿਚ ਹੀ ਰਤੇ ਰਹਿਣ ਕਰਕੇ ਹੀ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਜੋਗੀਆਂ ਦੇ ਨਾਮੋਂ ਸਖਣੇ ਜੋਗ ਦੁਆਰਾ ਕੁਛ ਨਹੀਂ ਬਣਦਾ ਅਤੇ ਸਚੇ ਸੁਖ ਦੀ ਕੱਖ ਭੀ ਪ੍ਰਾਪਤੀ ਨਹੀਂ ਹੁੰਦੀ। ਨਾਮ ਤੋਂ ਹੀ ਸਭ ਗੁਪਤ ਖੇਡ ਵਾਲਾ ਅਲੱਖ ਨਜ਼ਾਰਾ ਲਖਿਆ ਜਾਂਦਾ ਹੈ ਅਤੇ ਨਾਮ ਤੋਂ ਹੀ ਅਕਾਲ ਪੁਰਖ ਦੇ ਅਲੱਖ ਸਰੂਪ ਦੀ ਲਖਤਾ (ਸੱਚੀ ਸੋਝੀ) ਹੁੰਦੀ ਹੈ। ਨਾਮ ਤੋਂ ਬਿਨਾਂ ਬਥੇਰੇ ਭੇਖ ਜੋਗ ਕਰਿ ਭ੍ਰਮਦੇ ਫਿਰਦੇ ਹਨ। ਨਾਮ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਤਦ, ਕੇਵਲ ਤਦ ਹੀ ਸਚੇ ਜੋਗ ਦੀ ਤੱਤ ਜੁਗਤਿ ਪ੍ਰਾਪਤ ਹੁੰਦੀ ਹੈ। ਨਾਮ ਤੋਂ ਬਿਨਾਂ ਨਾ ਹੀ ਜੋਗ ਜੁਗਤਿ ਅਤੇ ਨ ਹੀ ਭਗਤਿ ਮੁਕਤਿ ਮਿਲਦੀ ਹੈ। ਇਹ ਉਪਰਲੇ ਗੁਰ ਪ੍ਰਮਾਣ ਦਾ ਤਤ ਸਿਧਾਂਤ ਹੈ, ਜਿਸ ਤੋਂ ਸ਼ਬਦ-ਮਾਰਗੀ ਤੱਤ ਯੋਗ ਦਾ ਸੱਚ ਨਿਬੇੜਾ ਹੁੰਦਾ ਹੈ।

[ਗੁਰਮਤਿ ਰਮਜ਼ਾਂ' ਪੁਸਤਕ ਵਿਚੋਂ

---


# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਸਚਖੰਡ ਦਰਸ਼ਨ ੧-੭੫ ਦਰਸ਼ਨ ਝਲਕਾਂ | ੫-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? | ੩-੭੫ | ਵਾਹਿਗੁਰੂ ਸਿਮਰਨ | ੦-੫੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਨਾਮ ਸੰਬੰਧੀ ਵਿਚਾਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |





www.AKJ.Org

# ਮਿਟ ਗਏ ਸਿੰਘਾਂ ਦੀ ਹਸਤੀ ਮਿਟਾਉਣ ਵਾਲੇ

[ਸ: ਕਸ਼ਮੀਰਾ ਸਿੰਘ ਜੀ 'ਚਮਨ', ਕੈਲਗਰੀ]

ਸਿੰਘ ਕਦੀ ਨਾ ਕਿਸੇ ਦਾ ਬੁਰਾ ਤਕਣ ਅਤੇ ਮੁਖ ਤੋਂ ਬੁਰਾ ਚਿਤਾਰਦੇ ਨਹੀਂ।
ਹੱਕ ਆਪਣਾ ਕਦੀ ਵੀ ਛਡਦੇ ਨਹੀਂ, ਹੱਕ ਕਿਸੇ ਦਾ ਕਦੀ ਵੀ ਮਾਰਦੇ ਨਹੀਂ।
ਦੁਖ ਸੁਖ ਨੂੰ ਸਮ ਕਰ ਜਾਣਦੇ ਨੇ, ਵੇਖ ਔਕੜਾਂ ਕਦੇ ਦਿਲ ਹਾਰਦੇ ਨਹੀਂ।
ਨਾਲ ਅਣਖ ਦੇ ਜੀਵਣਾ ਜਾਣਦੇ ਨੇ, ਹੈਂਕੜ ਕਿਸੇ ਦੀ ਕਦੀ ਸਹਾਰਦੇ ਨਹੀਂ।
ਜਿਹੜਾ ਅੜੇ ਅਗੇ ਉਸ ਨੂੰ ਝਾੜ ਦਿੰਦੇ, ਸ਼ਰਨ ਪੜੇ ਨੂੰ ਗਲ ਨਾਲ ਲਾਉਣ ਵਾਲੇ।
ਪੜ੍ਹ ਕੇ ਵੇਖ ਲਓ ਸਿਖ ਇਤਿਹਾਸ ਸਾਡਾ, ਮਿਟ ਗਏ ਸਿੰਘਾਂ ਦੀ ਹਸਤੀ ਮਿਟਾਉਣ ਵਾਲੇ।

ਨਹੀਂ ਝੁਕਦੇ ਕਦੀ ਵੀ ਜ਼ੁਲਮ ਅਗੇ, ਬਾਂਹ ਸਦਾ ਮਜ਼ਲੂਮਾਂ ਦੀ ਫੜੀ ਸਿੰਘਾਂ।
ਆਈਆਂ ਲੱਖ ਮੁਸੀਬਤਾਂ ਸਿਰ ਉਤੇ, ਮੰਨੀ ਇਕ ਨਾ ਕਿਸੇ ਦੀ ਤੜੀ ਸਿੰਘਾਂ।
ਜਦ ਮੱਚਿਆ ਜੁੱਧ ਚਮਕੌਰ ਅੰਦਰ, ਰੰਗੀ ਖ਼ੂਨ ਦੇ ਨਾਲ ਸੀ ਗੜ੍ਹੀ ਸਿੰਘਾਂ।
ਕੀਤੇ ਵੈਰੀਆਂ ਦੇ ਖੱਟੇ ਦੰਦ ਇਹਨਾਂ, ਸਿੰਘ ਸੂਰਮੇ ਨਹੀਂ ਘਬਰਾਉਣ ਵਾਲੇ।
ਹੋਇਆ ਖ਼ਾਤਮਾ ਮੁਗਲ ਔਰੰਗਿਆਂ ਦਾ, ਮਿਟ ਗਏ ਸਿੰਘਾਂ ਦੀ ਹਸਤੀ ਮਿਟਾਉਣ ਵਾਲੇ।

ਸਿੱਖੀ ਅਣਖ ਬਦਲੇ ਪੰਥਕ ਸ਼ਾਨ ਬਦਲੇ, ਸਿੰਘ ਸੂਲੀ ਨੂੰ ਸੇਜਾ ਬਣਾ ਸਕਦੇ।
ਗੁਰਧਾਮਾਂ ਦੀ ਰੱਖਿਆ ਕਰਨ ਖ਼ਾਤਰ, ਸੀਸ ਤਲੀ ਤੇ ਆਪ ਟਿਕਾ ਸਕਦੇ।
ਲੋੜ ਪਏ ਤਾਂ ਧਰਮ ਦੀ ਉਚਤਾ ਲਈ, ਛਾਲੇ ਛਾਲੇ ਸਰੀਰ ਕਰਵਾ ਸਕਦੇ।
ਬੰਦ ਬੰਦ ਕੱਟ ਸਕਦੇ ਚਰਖੀ ਚੜ੍ਹ ਸਕਦੇ, ਪੁੱਠੀ ਜਿਸਮ ਦੀ ਖੱਲ ਲੁਹਾ ਸਕਦੇ।
ਸਿੱਖੀ ਸ਼ਮ੍ਹਾਂ ਤੋਂ ਮਿਟਣ ਇਹ ਜਾਣਦੇ ਨੇ, ਮੌਤ ਲਾੜੀ ਨੂੰ ਸਦਾ ਪਰਣਾਉਣ ਵਾਲੇ।
ਨਾਦਰਸ਼ਾਹ ਅਬਦਾਲੀ ਦੀ ਮੜ੍ਹੀ ਆਖੇ, ਮਿਟ ਗਏ ਸਿੰਘਾਂ ਦੀ ਹਸਤੀ ਮਿਟਾਉਣ ਵਾਲੇ।

ਫ਼ਰਖ਼ਸੀਅਰ ਪਾਪੀ ਦਿੱਲੀ ਤਖ਼ਤ ਉਤੇ, ਬੈਠਾ ਪਾਪ ਦੇ ਝੰਡੇ ਝੁਲਾਉਣ ਖ਼ਾਤਰ।
ਵਰਤੇ ਜ਼ੁਲਮ ਦੇ ਕੁਲ ਹਥਿਆਰ ਉਸ ਨੇ, ਸਿਖ ਪੰਥ ਦੀ ਅਲਖ ਮੁਕਾਉਣ ਖ਼ਾਤਰ।
ਮੀਰ ਮੰਨੂੰ ਨੇ ਕੋਈ ਨਾ ਕਸਰ ਛੱਡੀ, ਸਿਖ ਕੌਮ ਦਾ ਖੁਰਾ ਮਿਟਾਉਣ ਖ਼ਾਤਰ।
ਲਾ ਕੇ ਜ਼ੋਰ ਫ਼ਰੰਗੀ ਵੀ ਹਾਰ ਥੱਕੇ, ਸਿਖ ਕੌਮ ਨੂੰ ਨੀਵਾਂ ਵਿਖਾਉਣ ਖ਼ਾਤਰ।
ਨਲੂਏ ਸ਼ੇਰ ਸਾਡੇ ਉਚੀ ਗਰਜਦੇ ਰਹੇ, ਧੁੰਮਾਂ ਕਾਬਲ ਕੰਧਾਰ ਤਕ ਪਾਉਣ ਵਾਲੇ।
ਪੰਜਾਂ ਪਾਣੀਆਂ ਦੀ ਧਰਤੀ ਆਖਦੀ ਏ, ਮਿਟ ਗਏ ਸਿੰਘਾਂ ਦੀ ਹਸਤੀ ਮਿਟਾਉਣ ਵਾਲੇ।

ਕਿਸੇ ਧਰਮ ਦੇ ਨਾਲ ਨਹੀਂ ਵੈਰ ਸਾਡਾ, ਹਰ ਮਜ਼੍ਹਬ ਨੂੰ ਅਸੀਂ ਸਤਿਕਾਰਦੇ ਹਾਂ।
ਹੁੰਦਾ ਵੇਖ ਕੇ ਜ਼ੁਲਮ ਨਹੀਂ ਸਹਿ ਸਕਦੇ, ਸਦਾ ਵੈਰੀਆਂ ਤਾਈਂ ਲਲਕਾਰਦੇ ਹਾਂ।
ਅਸੀਂ ਭਲਾ ਸਰਬੱਤ ਦਾ ਮੰਗਦੇ ਹਾਂ, ਮੰਦਾ ਕਿਸੇ ਦਾ ਨਹੀਂ ਚਿਤਾਰਦੇ ਹਾਂ।
ਵੰਡ ਛਕਣਾ ਧਰਮ ਦੀ ਕਿਰਤ ਕਰਨੀ, ਸੱਚੇ ਸਾਈਂ ਨੂੰ ਸਦਾ ਪਿਆਰਦੇ ਹਾਂ।
'ਚਮਨ' ਇਕੋ ਅਕਾਲ ਨੂੰ ਪੂਜਦੇ ਹਾਂ, ਸ੍ਰੀ ਗ੍ਰੰਥ ਨੂੰ ਸੀਸ ਝੁਕਾਉਣ ਵਾਲੇ।
ਅਸੀਂ ਡੰਕੇ ਦੀ ਚੋਟ ਲਾ ਆਖਦੇ ਹਾਂ, ਮਿਟ ਗਏ ਸਿੰਘਾਂ ਦੀ ਹਸਤੀ ਮਿਟਾਉਣ ਵਾਲੇ।



www.AKJ.Org

# ਯੂ.ਪੀ. ਵਿਚ ਗੁਰਪੁਰਬ ਸਮੇਂ ਸਿਖੀ ਸਿਦਕ ਦੇ ਅਲੌਕਿਕ ਨਜ਼ਾਰੇ

ਅਖੰਡ ਕੀਰਤਨੀ ਜਥੇ ਦੇ ਸੈਂਕੜੇ ਸਿੰਘ ਪੰਜਾਬ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਗੁਰਪੁਰਬ ਤੇ ਜ਼ਿਲਾ ਸ਼ਾਹਜਹਾਨਪੁਰ (ਯੂ. ਪੀ) ਦੇ ਪਿੰਡ ਬੰਡਾ ਵਿਖੇ ਪੁਜੇ। ਉਥੋਂ ਗੁਰਦਵਾਰਾ ਨਾਨਕ ਮਤਾ ਸਾਹਿਬ ਦੀ ਯਾਤਰਾ ਕੀਤੀ ਤੇ ਉਥੇ ਕੀਰਤਨ ਦੀ ਸੇਵਾ ਕਰ ਕੇ ਅਨੰਦ ਮਾਣੇ ।

ਗੁਰਪੁਰਬ ਵਾਲੇ ਦਿਨ ੧੨ ਵਜੇ ਦੁਪਹਿਰ ਤਕ ਗੁ: ਸ੍ਰੀ ਗੁਰੂ ਸਿੰਘ ਸਭਾ ਬੰਡਾ ਵਿਖੇ ਅਖੰਡ ਕੀਰਤਨ ਦੀਆਂ ਗੂੰਜਾਂ ਪਈਆਂ। ਉਪਰੰਤ ਉਸ ਇਲਾਕੇ ਦੀਆਂ ਸੰਗਤਾਂ ਗੁਰੂ ਮਹਾਰਾਜ ਦੀ ਵਡਿਆਈ ਨੂੰ ਉਜਾਗਰ ਕਰਨ ਲਈ ਇਕ ਬੇਨਜ਼ੀਰ ਜਲੂਸ ਵਿਚ ਸ਼ਾਮਲ ਹੋਈਆਂ। ਦੂਰ ਦੂਰ ਤੋਂ ਸੰਗਤਾਂ ਟ੍ਰੈਕਟਰਾਂ ਟ੍ਰਾਲੀਆਂ ਤੇ ਪੁਜੀਆਂ। ਇਸ ਜਲੂਸ ਅਥਵਾ ਨਗਰ-ਕੀਰਤਨ ਦਾ ਰੂਟ ਗੁਰਦਵਾਰਾ ਸਾਹਿਬ ਬੰਡਾ ਤੋਂ ਗੁਰਦਵਾਰਾ ਗੁਰੂ ਨਾਨਕ ਬਾਗ ਪੁਆਇਆ ਤਕ ਸੀ, ਜੋ ਵੀਹ ਬਾਈ ਕਿਲੋਮੀਟਰ ਦੇ ਕਰੀਬ ਪੈਂਡਾ ਹੈ।

ਖਾਸ ਵਰਣਨ ਯੋਗ ਗੱਲ ਜੋ ਵੇਖੀ ਗਈ, ਉਹ ਉਨ੍ਹਾਂ ਲੋਕਾਂ ਦੀ ਅਤਿ ਦਰਜੇ ਦੀ ਸ਼ਰਧਾ ਤੇ ਭਾਵਨੀ ਹੈ। ਵੀਹ ਕਿਲੋ ਮੀਟਰ ਦੀ ਲੰਬੀ ਸੜਕ ਦਾ ਟ੍ਰਾਲੀਆਂ ਤੇ ਪਾਣੀ ਢੋ ਢੋ ਕੇ ਇਸ਼ਨਾਨ ਕਰਵਾਇਆ ਗਿਆ ਅਤੇ ਲਗ ਪਗ ਢਾਈ ਤਿੰਨ ਘੰਟੇ ਵਿਚ ਮਹਾਰਾਜ ਦੀ ਸਵਾਰੀ ਉਸ ਅਸਥਾਨ ਤੇ ਪੁਜੀ। ਇਤਨਾ ਸਮਾਂ ਇਸ ਸੜਕ ਦਾ ਟ੍ਰੈਫਿਕ ਬੰਦ ਰਖਿਆ ਗਿਆ, ਕੋਈ ਬਸ, ਕਾਰ, ਟ੍ਰਕ, ਗਡਾ ਜਾਂ ਟਾਂਗਾ ਉਸ ਤੋਂ ਨਹੀਂ ਲੰਘਣ ਦਿਤਾ ਗਿਆ ਜਦ ਤਕ ਕਿ ਮਹਾਰਾਜ ਦੀ ਸਵਾਰੀ ਉਥੋਂ ਲੰਘ ਨਾ ਗਈ। ਇਸ ਕਾਰਜ ਵਿਚ ਪੁਲਸ ਵੀ ਪੂਰਾ ਪੂਰਾ ਸਾਥ ਦੇ ਰਹੀ ਸੀ।

ਬਸਾਂ ਤੇ ਟ੍ਰਾਲੀਆਂ ਸੌ ਕੁ ਦੇ ਕਰੀਬ ਇਸ ਜਲੂਸ ਵਿਚ ਸ਼ਾਮਲ ਸਨ। ਜਲੂਸ ਦੀ ਲੰਬਾਈ ਦਾ ਦੂਸਰਾ-ਸਿਰਾ ਨਜ਼ਰ ਨਹੀਂ ਆਉਂਦਾ ਸੀ। ਥੋੜੇ ਥੋੜੇ ਫਾਸਲੇ ਤੇ ਆਲੇ ਦੁਆਲੇ ਦੇ ਪਿੰਡਾਂ ਦੀਆਂ ਸੰਗਤਾਂ ਸੜਕ ਦੇ ਦੁਪਾਸੀਂ ਖਲੋਤੀਆਂ ਉਡੀਕ ਕਰ ਰਹੀਆਂ ਸਨ ਅਤੇ ਬੜੀ ਸ਼ਰਧਾ ਭਾਵਨਾ ਨਾਲ ਮਾਇਆ, ਆਟਾ, ਚੌਲ, ਗੁੜ ਆਦਿਕ ਸਿਰਾਂ ਤੇ ਪੰਡਾਂ ਚੁਕੀ ਲਿਆ ਕੇ ਗੁਰੂ ਮਹਾਰਾਜ ਦੀ ਭੇਟ ਕਰ ਰਹੀਆਂ ਸਨ।

ਸਭ ਤੋਂ ਮੂਹਰੇ ਗਤਕਾ ਪਾਰਟੀ, ਫਿਰ ਬੈਂਡ, ਫਿਰ ਪੰਜ ਨਿਸ਼ਾਨ ਸਾਹਿਬਾਂ ਦੇ ਪਿਛੇ ਪੰਜ ਪਿਆਰੇ ਜੀਪ ਵਿਚ ਸਨ। ਇਸ ਦੇ ਨਾਲ ਦੀ ਟ੍ਰਾਲੀ ਵਿਚ ਬੜੀ ਖੂਬਸੂਰਤੀ ਨਾਲ ਸੱਚੇ ਪਾਤਸ਼ਾਹ ਦੀ ਸਵਾਰੀ ਪਾਲਕੀ ਵਿਚ ਬਰਾਜਮਾਨ ਸੀ, ਜਿਸ ਵਿਚ ਅਖੰਡ ਕੀਰਤਨੀ ਜਥੇ ਦੀਆਂ ਬੀਬੀਆਂ ਤੇ ਸਿੰਘ, ਕੀਰਤਨ-ਰੰਗਾਂ ਵਿਚ ਲਟਬੌਰੇ ਹੋ ਰਹੇ ਸਨ। ਸਾਰੇ ਜਲੂਸ ਵਿਚ ਆਦਿ ਤੋਂ ਅੰਤ ਤਕ ਗੁਰਬਾਣੀ ਕੀਰਤਨ, ਸਤਿਨਾਮ ਵਾਹਿਗੁਰੂ ਦਾ ਜਾਪ, ਧੰਨ ਗੁਰੂ ਨਾਨਕ ਦੀਆਂ ਧੁਨੀਆਂ ਅਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਹੀ ਗੂੰਜ ਰਹੇ ਸਨ। ਕੋਈ ਸਿਆਸੀ ਨਾਹਰਾ ਸਾਰੇ ਜਲੂਸ ਵਿਚ ਸੁਣਨ ਵਿਚ ਨਹੀਂ ਆਇਆ। ਮਹਾਰਾਜ ਦੀ ਸਵਾਰੀ ਦੇ ਸਤਿਕਾਰ ਵਜੋਂ ਆਲੇ ਦੁਆਲੇ ਸ਼ਸਤ੍ਰਧਾਰੀ ਨੌਜੁਆਨ ਮੋਟਰ ਸਾਈਕਲਾਂ ਤੇ ਨਿਸ਼ਾਨ ਸਾਹਿਬ ਲਗਾ ਕੇ ਇਸ ਤਰ੍ਹਾਂ ਚਲ ਰਹੇ ਸਨ ਜਿਵੇਂ ਕਿ ਕਿਸੇ ਰਾਜੇ ਮਹਾਰਾਜੇ ਦੇ ਬਾਡੀਗਾਰਡ ਨਾਲ ਨਾਲ ਜਾ ਰਹੇ ਹੁੰਦੇ ਹਨ। ਸਵਾਰੀ ਸਾਹਿਬ ਦੇ ਪਿਛੇ ਗੁਰਦਵਾਰਾ ਨਾਨਕ ਮਤਾ ਸਾਹਿਬ ਦੀ ਕਾਰ-ਸੇਵਾ ਕਰਵਾ ਰਹੇ ਸੰਤਾਂ ਦਾ ਜਥਾ ਅਤੇ ਉਪਰੰਤ ਬੇਅੰਤ ਸੰਗਤਾਂ ਟ੍ਰਾਲੀਆਂ ਤੇ ਬਸਾਂ ਵਿਚ ਗੁਰੂ ਜਸ ਗਾਂਦੀਆਂ ਜਾ ਰਹੀਆਂ ਸਨ।

ਅਲੌਕਿਕ ਸ਼ਾਨ ਤੇ ਸ਼ਰਧਾ ਭਾਵਨੀ ਵਾਲਾ ਇਹ ਜਲੂਸ ਤਸੀਲ ਪੁਆਇਆ ਦੇ ਗੁਰਦਵਾਰਾ ਸਾਹਿਬ ਵਿਖੇ ਪੁਜਾ। ਗੁਰਦਵਾਰਾ ਸਾਹਿਬ ਕਈ ਏਕੜਾਂ ਦੇ ਬਾਗ ਵਿਚ ਸੁਭਾਇਮਾਨ ਹੈ। ਬਾਗ ਵਿਚ ਬੜੇ ਸੁੰਦਰ ਪੰਡਾਲ ਵਿਚ ਦੀਵਾਨ ਸਜਿਆ, ਜਿਸ ਵਿਚ ਅਖੰਡ ਕੀਰਤਨੀ ਜਥੇ ਦੀਆਂ ਸਿੰਘਣੀਆਂ ਨੇ ਡਾਢੇ ਚਾਅ ਉਤਸ਼ਾਹ ਦੇ ਪ੍ਰਭਾਵ ਹੇਠ ਅਨੂਠੇ ਕੀਰਤਨ ਦੁਆਰਾ ਗੁਰੂ ਚਰਨਾਂ ਵਿਚ ਜੁੜਨ ਦੇ ਸੁਭਾਗ ਪ੍ਰਾਪਤ ਕੀਤੇ।

ਇਸ ਜਲੂਸ ਸਮੇਂ ਪਿੰਡਾਂ ਦੇ ਹਿੰਦੂ ਤੇ ਮੁਸਲਮਾਨ ਵੀ ਬੜੇ ਪਿਆਰ ਤੇ ਸ਼ਰਧਾ ਨਾਲ ਆਪਣੀਆਂ ਭੇਟਾਂ ਗੁਰੂ ਮਹਾਰਾਜ ਦੀ ਭੇਟ ਕਰਦੇ ਤੇ ਨਮਸਕਾਰਾਂ ਕਰਦੇ ਦੇਖੇ ਗਏ।

'ਸੂਰਾ' ਅੰਮ੍ਰਿਤਸਰ, ਦਸੰਬਰ ੧੯੮੫/੪੧

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਸ੍ਰੀ ਅੰਮ੍ਰਿਤਸਰ, ਕਾਨਪੁਰ, ਦਿੱਲੀ ਅਤੇ ਪੰਜਾਬ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਕਤਲੇ-ਆਮ ਵਿਚ ਅਨਗਿਣਤ ਵਿਧਵਾਵਾਂ ਹੋਈਆਂ, ਹਜ਼ਾਰਾਂ ਬੱਚੇ ਯਤੀਮ ਹੋਏ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਤੇ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ। ਐਤਕੀ ਪੁਜੀ ਮਾਇਆ ਦਾ ਵੇਰਵਾ ਇਉਂ ਹੈ—

| | |
|---|---|
| ਸ: ਰਚਨ ਸਿੰਘ, ਬਾਕਰਪਰ (ਰੋਪੜ) | ੨੫-੦੦ |
| ਭਾਈ ਸੰਤ ਸਿੰਘ ਫਜ਼ੂਪੁਰਾ (ਧਾਰੀਵਾਲ) | ੨੫੦-੦੦ |
| ਸ: ਜੋਗਿੰਦਰ ਸਿੰਘ, ਚੰਡੀਗੜ੍ਹ | ੩੫੧-੦੦ |
| ਸ: ਤੇਜਵੰਤ ਸਿੰਘ ਬੀ: ਬਲਬੀਰ ਕੌਰ, ਭੁਜ ਕਛ | ੧੦੧-੦੦ |
| ਖਾਲਸਾ ਨਿਵਾਸ ਗੁਰੂ ਗੋਲਕ, ਸ਼ਿਮਲਾ | ੧੦੦੦-੦੦ |
| ਸ: ਸ਼ਰਨਾਗਤ ਸਿੰਘ, ਅੰਮ੍ਰਿਤਸਰ | ੨੦-੦੦ |
| ਭਾ: ਕੰਵਰ ਸਿੰਘ, ਈਸਟ ਮੋਹਨ ਨਗਰ, ਅੰਮ੍ਰਿਤਸਰ | ੧੦੦੦-੦੦ |
| ਭਾਈ ਕਿਸ਼ਨ ਸਿੰਘ, ਧਨਬਾਦ | ੧੦੦੦-੦੦ |
| ਭਾ: ਜਸਬੀਰ ਸਿੰਘ ਅੰਮ੍ਰਿਤਸਰ (ਸਮਾਗਮ ਚੜ੍ਹਾਵਾ) | ੫੬-੦੦ |
| ਭਾ: ਗੁਰਬਖਸ਼ ਸਿੰਘ ਅਹਿਮਦਾਬਾਦ (ਭੈਣ ਦੇ ਭੋਗ ਤੇ) | ੧੦੦-੦੦ |
| ਭਾ: ਇਕਬਾਲ ਸਿੰਘ ,, (ਸੁਪਤਨੀ ਦੇ ਭੋਗ ਸਮੇਂ) | ੨੭੩-੦੦ |
| ਸੰਗਤ Bromwich U. K. | ੧੧੪੫-੯੦ |
| ਭਾਈ ਕੁਲਦੀਪ ਸਿੰਘ ਨੇਵੀ ਬੰਬੇ | ੧੦੦-੦੦ |
| ਗੁਰਸਿਖ ਪਰਵਾਰ ਭੂਪਾਲ | ੫੦੦-੦੦ |
| ਸ: ਅਮੋਲਕ ਸਿੰਘ ਅਮੋਲ, ਜਮਸ਼ੈਦਪੁਰ | ੧੦੦-੦੦ |
| ਸ: ਹਰਸਾ ਸਿੰਘ ਕਾਨਪੁਰ (ਗੁਰੂ ਕੀ ਗੋਲਕ) | ੧੧੭੫-੦੦ |
| ਭਾਈ ਪ੍ਰੇਮ ਸਿੰਘ ਕਾਨਪੁਰ | ੫੦੧-੦੦ |
| Shri R. S. Randhawa, ਨਵੀਂ ਦਿੱਲੀ | ੧੦੦-੦੦ |
| ਸ: ਧਰਮ ਸਿੰਘ ਅੰਮ੍ਰਿਤਸਰ (ਗੁਰੂ ਕੀ ਗੋਲਕ) | ੩੩੬-੨੦ |
| ਭਾਈ ਬਲਵੰਤ ਸਿੰਘ ਫਿਰੋਜ਼ਪੁਰ | ੧੦੦-੦੦ |
| ਭਾ: ਚਰਨਜੀਤ ਸਿੰਘ ਪਟਨਾ ਵਾਲੇ, ਲੁਧਿਆਣਾ | ੧੦੦-੦੦ |
| ਭਾਈ ਅਵਤਾਰ ਸਿੰਘ ਛੇਹਰਟਾ (ਅੰਮ੍ਰਿਤਸਰ) | ੧੦੦-੦੦ |

| | |
|---|---|
| ਸ: ਅਵਤਾਰ ਸਿੰਘ, ਚਕ ਬਾਗੜੀਆਂ, ਜਲੰਧਰ | ੭੫੦੦-੦੦ |
| ਸ: ਅਜੀਤ ਸਿੰਘ ਕਰਨੈਲ ਸਿੰਘ ਡਰਬੀ ਯੂ. ਕੇ. | ੧੦੯੭-੭੫ |
| ਸ: ਸੋਹਨ ਸਿੰਘ, ਅਰਲੀ, ਰੈਡਿੰਗ ਯੂ. ਕੇ. | ੨੫੫੩-੭੨ |
| ਭਾ: ਗੁਰਬਚਨ ਸਿੰਘ ਖਾਲਸਾ, ਸਾਊਥਾਲ ਯੂ. ਕੇ. | ੮੩੪-੮੭ |
| ਭਾਈ ਰਾਮਾ ਸਿੰਘ, ਸਾਊਥਾਲ ਯੂ. ਕੇ. | ੩੬੦-੧੪ |
| ਬੀ: ਪ੍ਰੀਤਮ ਕੌਰ ਵੈਲਵਰ ਹੈਂਪਟਨ ਯੂ. ਕੇ. | ੧੬੩-੭੦ |
| ਸ: ਇੰਦਰਜੀਤ ਸਿੰਘ ਅਤੇ ਪਰਵਾਰ, ਪਾਨੀਪਤ | ੩੦੦-੦੦ |
| ਭਾ: ਹਰਚੰਦ ਸਿੰਘ, ਵਿਸਾਖਾ ਪਟਨਮ | ੩੦੦-੦੦ |
| ਕਰਨਲ ਕੁਲਵੰਤਸਿੰਘਅੰਮ੍ਰਿਤਸਰ (ਚੜ੍ਹਾਵਾ) ਸਮਾਗਮ | ੧੩੫-੦੦ |
| ਭਾ: ਰਣਜੀਤ ਸਿੰਘ ਸੰਧੂ, ਗਵਾਲੀਅਰ | ੧੦੧-੦੦ |
| ਸ: ਅਜੀਤ ਸਿੰਘ ਕੈਰੋਂ (ਅੰਮ੍ਰਿਤਸਰ) | ੧੦੦-੦੦ |
| ਸ: ਮੋਹਨ ਸਿੰਘ, ਕਾਸਤਾਨ ਸਰਾਈਆਂ | ੨੫-੦੦ |
| ਸੰਗਤ ਸੁਮਰਾਸਰ ਭੁਜ ਕਛ (ਸ਼ਹੀਦੀ ਦਿਵਸ ਸਮੇਂ) | ੧੧੦੦-੦੦ |
| ਬੀਬੀ ਬਖਸ਼ੀਸ਼ ਕੌਰ, ਸਲੋਅ ਯੂ. ਕੇ. | ੮੧੮-੫੦ |
| ਬੀਬੀ ਬਲਬੀਰ ਕੌਰ ਸੁਰਿੰਦਰ ਸਿੰਘ ਸ਼ਾਪ ਵਾਲਾ ਰੈਡਿੰਗ ਯੂ. ਕੇ. | ੯੦੦-੩੫ |
| ਭਾਈ ਕੇਵਲ ਸਿੰਘ ਸਲੋਅ ਯੂ. ਕੇ. | ੩੨੭-੪੦ |
| ਭਾਈ ਪ੍ਰੀਤਮ ਸਿੰਘ, ਸਲੋਅ ਯੂ. ਕੇ. | ੬੫੪-੮੦ |
| ਭਾ: ਮਨਜੀਤ ਸਿੰਘ ਪੈਰੀਵੇਲ, ਲੰਡਨ ਯੂ. ਕੇ. | ੯੪੯-੪੬ |
| ਭਾ: ਰਾਮ ਸਿੰਘ, ਸਾਊਥਾਲ ਯੂ. ਕੇ. | ੫੨੩-੮੪ |
| ਭਾ: ਸਤੇਂਦਰ ਸਿੰਘ S/O ਭਾ: ਗੁਰਬਚਨ ਸਿੰਘ ਸਾਊਥਾਲ | ੪੯੧-੧੦ |
| ਸ: ਮਲਕੀਅਤ ਸਿੰਘ ਧਾਰੀਵਾਲ ਗ੍ਰੀਨਫੋਰਡ ਯੂ.ਕੇ. | ੨੪੫੫-੫੦ |

ਨੋਟ—ਇਹ ਸਹਾਇਤਾ ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੇ ਨਾਲ ਨਾਲ ਹੋਰ ਗੁਰਸਿਖ ਪੀੜਤ ਪਰਵਾਰਾਂ ਨੂੰ ਵੀ ਲੋੜ ਤੇ ਯੋਗਤਾ ਅਨੁਸਾਰ ਦਿਤੀ ਜਾਂਦੀ ਹੈ।

## ਪੀੜਤ ਪਰਵਾਰਾਂ ਦੀ ਦੇਖ ਭਾਲ

ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੀ ਦੇਖ ਭਾਲ ਸਾਡੀ ਸਾਂਝੀ ਜ਼ਿਮੇਵਾਰੀ ਹੈ। ਅਜਿਹੇ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਵਿਸ਼ੇਸ਼ ਧਿਆਨ ਦੇ ਮੁਥਾਜ ਹਨ। ਇਸ ਜ਼ਿਮੇਵਾਰੀ ਦੇ ਅਹਿਸਾਸ ਵਜੋਂ ਜਥੇ ਵਲੋਂ ਹਰ ਮੁਮਕਿਨ ਕੋਸ਼ਸ਼ ਕੀਤੀ ਜਾਵੇਗੀ ਕਿ ਅਜਿਹੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਲਈ ਹਰ ਪਰਵਾਰ ਦੀ ਹਾਲਤ ਮੁਤਾਬਕ ਯੋਗ ਸਹਾਇਤਾ ਕੀਤੀ ਜਾਵੇ। ਇਸ ਸੰਬੰਧੀ ਸੂਚਨਾ ਜਥੇ ਦੇ ਕੇਂਦਰੀ ਦਫਤਰ ਨੂੰ ਪੂਰੇ ਵੇਰਵੇ ਸਹਿਤ ਭੇਜੀ ਜਾਵੇ ਜੀ।

ਖਾਲਸਾ ਜੀ ਦਾ ਸੇਵਕ—

ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

**ਜ਼ਰੂਰੀ ਸੋਧ**—ਸੂਰਾ ਅਕਤੂਬਰ ਸ਼ਹੀਦੀ ਫੰਡ ਵਿਚ ੫੦੧-੦੦ ਗੁਰੂ ਕੀ ਗੋਲਕ ਰਾਹੀਂ ਭਾਈ ਅਮਰਜੀਤ ਸਿੰਘ ਬੰਬੇ ਪੜ੍ਹੋ।



www.AKJ.Org

## ਮੋਗਾ ਵਿਖੇ ਸਾਲਾਨਾ ਕੀਰਤਨ ਤੇ ਰੈਣ ਸਬਾਈ

ਅਖੰਡ ਕੀਰਤਨੀ ਜਥਾ ਮੋਗਾ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਯਾਦ ਵਿਚ ਗੁਰਦਵਾਰਾ ਸਾਹਿਬ ਪੁਰਾਣਾ ਗੁਲਾਬੀ ਬਾਗ ਦੁਸਾਂਝ ਰੋਡ ਵਿਖੇ ਕੀਰਤਨ ਹੋ ਰਹੇ ਹਨ। ੨ ਤੋਂ ੪ ਜਨਵਰੀ ਤਕ ਸ੍ਰੀ ਅਖੰਡਪਾਠ ਹੋ ਰਹੇ ਹਨ। ੩ ਜਨਵਰੀ ਰਾਤ ੭ ਤੋਂ ੧੦ ਭਾਈ ਨਿਧਾਨ ਸਿੰਘ ਜੀ ਦੇ ਗ੍ਰਹਿ ਵਿਖੇ ਅਤੇ ੪ ਜਨਵਰੀ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਗੁਰਦਵਾਰਾ ਸਾਹਿਬ ਵਿਖੇ ਕੀਰਤਨ ਹੋਣੇ ਹਨ। ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਹੋਣਗੇ। ਲਾਹੇ ਪ੍ਰਾਪਤ ਕਰੋ ਜੀ।

## ਮਜੀਠਾ (ਅੰਮ੍ਰਿਤਸਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਜੋਗਿੰਦਰ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ [ਦਸਮੇਸ਼ ਨਗਰ, ਨਹਿਰ ਦਾ ਪੁਲ, ਮਜੀਠਾ ਤੋਂ ਕਰੀਬਨ ਇਕ ਕਿਲੋਮੀਟਰ ਬਾਹਰਵਾਰ ਖੇਤਾਂ ਵਿਚ ਸ਼ਾਮ ਨਗਰ ਰੋਡ] ਮਜੀਠਾ ਵਿਖੇ ੨੭ ਤੋਂ ੨੯ ਦਸੰਬਰ ਤਕ ਸ੍ਰੀ ਅਖੰਡਪਾਠ ਹੋ ਰਹੇ ਹਨ। ਭੋਗ ਪੈਣ ਤੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ੨੯ ਦਸੰਬਰ ਐਤਵਾਰ ਸਵੇਰੇ ਮਜੀਠਾ ਸਮਾਗਮ ਲਈ ਪਹਿਲੀ ਸਟੇਸ਼ਨ ਵੈਗਨ ਛੇ ਵਜੇ ਚਲੇਗੀ ਤੇ ਦੂਜੀ ਸਤ ਵਜੇ। ਦਰਸ਼ਨ ਦੇ ਕੇ ਨਿਵਾਜੋ ਜੀ।

## ਬਸੀ ਪਠਾਣਾਂ (ਪਟਿਆਲਾ) ਵਿਖੇ ਸ਼ਹੀਦੀ ਪੁਰਬ ਦੀ ਯਾਦ ਵਿਚ ਰੈਣ ਸਬਾਈ ਕੀਰਤਨ

ਭਾਈ ਜਸਵੰਤ ਸਿੰਘ ਜੀ ਗੁੰਬੀ ਬੇਨਤੀ ਕਰਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਸੰਬੰਧ ਵਿਚ ੧੬ ਦਸੰਬਰ ਸੋਮਵਾਰ ਰਾਤ ਨੂੰ ਰੈਣ ਸਬਾਈ ਕੀਰਤਨ, ਸ੍ਰੀ ਲਾਲ ਗੁਰਦੁਆਰਾ ਸਾਹਿਬ, ਧੋਬੀ ਮਹੱਲਾ ਬਸੀ ਪਠਾਣਾਂ ਵਿਖੇ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

## ਗੁਰਦੁਆਰਾ ਰਾਮਪੁਰ ਖੇੜਾ (ਹੁਸ਼ਿਆਰਪੁਰ) ਵਿਖੇ ਸਮਾਗਮ

ਸੰਤ ਬਾਬਾ ਹਰਨਾਮ ਸਿੰਘ ਜੀ ਦੀ ਤੀਜੀ ਬਰਸੀ ਦੇ ਸੰਬੰਧ ਵਿਚ ੨ ਤੋਂ ੪ ਜਨਵਰੀ ਨੂੰ ਸ੍ਰੀ ਅਖੰਡਪਾਠ ਹੋ ਰਹੇ ਹਨ ਅਤੇ ੩ ਜਨਵਰੀ ਸ਼ੁਕਰਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ੪ ਜਨਵਰੀ ਨੂੰ ਖੁਲ੍ਹਾ ਦੀਵਾਨ ਹੋਵੇਗਾ। ਆਇ ਜੁੜੋ ਜੀ।

## ਪਿੰਡ ਟੂਸਾ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਦਾਸਾਂ ਦੇ ਗ੍ਰਹਿ ਵਿਖੇ ੭ ਦਸੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਲੁਧਿਆਣੇ ਤੋਂ ੨੦ ਕਿਲੋਮੀਟਰ, ਸਰਾਭਾ ਨੇੜੇ ਅਤੇ ਲੁਧਿਆਣਾ ਲੋਕਲ ਅੱਡੇ ਤੋਂ ੪-੩੦, ਨਵੇਂ ਅਡੇ ਤੋਂ ੪-੪੦ ਤੇ ੫-੪੦ ਸ਼ਾਮ ਲਈ ਬਸਾਂ ਹਨ। ਆਇ ਜੁੜੋ ਜੀ। ਦਾਸਰੇ (ਕਾਰਪੋਰਲ) ਦੀਦਾਰ ਸਿੰਘ, ਪ੍ਰੀਤਮ ਸਿੰਘ, ਸੁਰਜੀਤ ਸਿੰਘ, ਸਵਰਨ ਸਿੰਘ

## ਪਿੰਡ ਗਗੜ ਭਾਣਾ (ਅੰਮ੍ਰਿਤਸਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਕੁਲਦੀਪ ਸਿੰਘ ਖਾਲਸਾ ਬੇਨਤੀ ਕਰਦੇ ਹਨ ਕਿ ਪਿੰਡ ਗਗੜ ਭਾਣਾ (ਨਹਿਰ ਦੇ ਨੇੜੇ) ਵਿਖੇ **੧੯ ਤੋਂ** ੨੧ ਦਸੰਬਰ ਸ੍ਰੀ ਅਖੰਡਪਾਠ ਹੋਣੇ ਹਨ ਅਤੇ ੨੧ ਦਸੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਬਟਾਲਾ ਰੋਡ ਤੇ ਮਹਿਤਾ ਤੇ ਬਾਬਾ ਬਕਾਲਾ ਦੇ ਸੈਂਟਰ ਵਿਚ ਦਰਸ਼ਨ ਬਖਸ਼ੋ ਜੀ।

## ਸੰਤੋਖਸਰ ਅੰਮ੍ਰਿਤਸਰ ਵਿਖੇ ਮਾਸਕ ਰੈਣ ਸਬਾਈ ਕੀਰਤਨ

ਸੰਗਤ ਗੁਰਦਵਾਰਾ ਸੰਤੋਖਸਰ ਵਲੋਂ ੧੯੭੮ ਦੇ ਸ਼ਹੀਦ ਸਿੰਘਾਂ ਦੀ ਯਾਦ ਵਿਚ ੧੪ ਦਸੰਬਰ ਸ਼ਨੀਵਾਰ ਰਾਤ ਨੂੰ ਮਾਸਕ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਪਿੰਡ ਨਰੈਣਗੜ੍ਹ ਤਸੀਲ ਦਸੂਹਾ (ਹੁਸ਼ਿਆਰਪੁਰ) ਵਿਖੇ ਅਖੰਡਪਾਠ ਤੇ ਕੀਰਤਨ

ਭਾਈ ਮਲਕੀਤ ਸਿੰਘ ਦੇ ਗ੍ਰਹਿ ਵਿਖੇ ੬ ਤੋਂ ੮ ਦਸੰਬਰ ਸ੍ਰੀ ਅਖੰਡਪਾਠ ਹੋਣਗੇ। ਸਤ ਦਸੰਬਰ ਰਾਤ ਨੂੰ ੭ ਤੋਂ ੧੨ ਤਕ ਕੀਰਤਨ ਅਤੇ ੮ ਦਸੰਬਰ ਨੂੰ ਸਵੇਰ ਤੋਂ ੧੨ ਵਜੇ ਦੁਪਹਿਰ ਤਕ ਅਖੰਡ ਕੀਰਤਨ ਹੋਣੇ ਹਨ। ਦਸੂਹੇ ਤੋਂ ੫ ਕਿਲੋਮੀਟਰ ਪਿੰਡ ਹੈ। ਟਾਂਡੇ ਤੋਂ ੭ ਦਸੰਬਰ ਸ਼ਾਮ ਨੂੰ ਟ੍ਰਾਲੀ ਚਲੇਗੀ।

www.AKJ.Org

## ਪੋਹ ਸੁਦੀ ਸਪਤਮੀ ਗੁਰਪੁਰਬ ਕੇਂਦਰੀ ਸਮਾਗਮ ਲੁਧਿਆਣਾ ਵਿਖੇ

### ੧੫ ਤੋਂ ੧੯ ਜਨਵਰੀ ੮੬ ਸਵੇਰ ਤਕ ਹੋ ਰਹੇ ਹਨ—ਵੇਰਵਾ ਆਉਂਦੇ 'ਸੂਰਾ' ਵਿਚ ਵੇਖੋ

## ਗੁ: ਚਰਨ ਕੰਵਲ ਬੰਗਾ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ

ਸਾਹਿਬ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਗੁਰਦਵਾਰਾ ਚਰਨ ਕੰਵਲ ਬੰਗਾ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਆਇ ਕੇ ਲਾਹੇ ਪ੍ਰਾਪਤ ਕਰੋ ਜੀ।

੧੯ ਦਸੰਬਰ ਸਵੇਰੇ ਸ੍ਰੀ ਅਖੰਡਪਾਠ ਅਰੰਭ, ੨੦ ਦਸੰਬਰ ਸ਼ਾਮ ਸੋਦਰ ਦੀ ਚੌਕੀ, ੨੧ ਦਸੰਬਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ੧੨ ਵਜੇ ਤਕ ਅਖੰਡ ਕੀਰਤਨ, ਸ਼ਾਮ ਸਤ ਵਜੇ ਅੰਮ੍ਰਿਤ-ਸਿੰਚਾਰ ਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਚਰਨ ਕੰਵਲ ਗੁਰਦਵਾਰਾ ਨਵਾਂ ਸ਼ਹਿਰ ਸੜਕ ਤੇ ਹੈ। ਰਿਹਾਇਸ਼ ਲਈ ਬਿਸਤਰੇ ਨਾਲ ਲਿਆਓ ਜੀ।

ਦਾਸਰੇ—ਅਖੰਡ ਕੀਰਤਨੀ ਜਥਾ ਇਲਾਕਾ ਬੰਗਾ (ਜ਼ਿਲਾ ਜਲੰਧਰ)

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਪਰੋਗਰਾਮ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦੇਂਦੇ ਹਨ—

1. ਸ਼ਹੀਦੀ ਪੁਰਬ ਚਾਰ ਸਾਹਿਬਜ਼ਾਦੇ (ਨੈਸ਼ਨਲ ਪ੍ਰੋਗਰਾਮ)—25 ਤੋਂ 27 ਜਨਵਰੀ ਸ੍ਰੀ ਅਖੰਡਪਾਠ ਉਪਰੰਤ ਅਖੰਡ ਕੀਰਤਨ Sikh Temple Meadway Town; Ossak St. Rcchester, Chatam ਗੁਰਦਵਾਰਾ ਫੋਨ 0634-49782, ਭਾ: ਹਰਬਖਸ਼ ਸਿੰਘ ਫੋਨ : 0634-407547 ਇਹ ਪ੍ਰੋਗਰਾਮ ਹਰ ਸਾਲ ਵਾਂਗ ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਭਾਈ ਹਰਬਖਸ਼ ਸਿੰਘ ਜੀ ਹੋਰਾਂ ਦੇ ਸਹਿਯੋਗ ਨਾਲ ਹੋ ਰਿਹਾ ਹੈ।
2. ਸ੍ਰੀ ਅਖੰਡਪਾਠ ਤੇ ਕੀਰਤਨ (ਲੋਕਲ ਪ੍ਰੋਗਰਾਮ)—ਬੀਬੀ ਕਿਰਪਾਲ ਕੌਰ ਜੀ (ਬੀਬੀ ਇਕਬਾਲ ਕੌਰ) 123-ਪੀਅਰ ਟ੍ਰੀ ਸਟਰੀਟ, ਨੇੜੇ ਜੂਨੀਅਰ ਸਕੂਲ, ਡਰਬੀ, ਟੈਲੀਫੋਨ 0332-763433
3. ਅਨੰਦ ਕਾਰਜ ਪ੍ਰੋਗਰਾਮ—ਭਾਈ ਰਾਮ ਸਿੰਘ ਜੀ ਗਰੇਵਜ਼ੈਂਡ ਦੀ ਲੜਕੀ ਅਤੇ ਭਾਈ ਗੁਰਮੀਤ ਸਿੰਘ ਜੀ ਬਰਮਿੰਘਮ ਦਾ ਲੜਕਾ ਸਿਖ ਟੈਂਪਲ ਗਰੇਵਜ਼ੈਂਡ ਵਿਖੇ। ਜਾਣਕਾਰੀ ਲਈ ਭਾਈ ਰਾਮ ਸਿੰਘ ਜੀ ਫੋਨ 0474-333660

ਭਾ: ਰਜਿੰਦਰ ਸਿੰਘ ਜੀ ਡਡਲੀ ਤੋਂ ਸੂਚਿਤ ਕਰਦੇ ਹਨ ਕਿ ਅਖੰਡ ਕੀਰਤਨੀ ਜਥਾ ਡਡਲੀ ਵਲੋਂ 14 ਦਸੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨੀ ਹੋ ਰਹੇ ਹਨ—Guru Tegh Bahadur Gurdwara, Vicar St. Dudley W. Mid ਪੁਛ ਗਿਛ—ਭਾਈ ਗੁਰਮੀਤ ਸਿੰਘ ਜੀ ਫੋਨ : 0384-238936—ਇਸ ਨਵੇਂ ਗੁਰਦਵਾਰਾ ਸਾਹਿਬ ਦੀ ਸੇਵਾ ਗੁਰੂ ਮਹਾਰਾਜ ਨੇ ਅਖੰਡ ਕੀਰਤਨੀ ਜਥਾ ਡਡਲੀ ਦੇ ਸੇਵਕਾਂ ਭਾਈ ਤਰਸੇਮ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਅਜੀਤ ਸਿੰਘ ਆਦਿ ਰਾਹੀਂ ਲਈ ਹੈ।

## ਡੈਨਮਾਰਕ ਦੀ ਰਾਜਧਾਨੀ ਕੋਪਨਹੈਗਨ ਵਿਖੇ ਗੁਰਮਤਿ ਕੈਂਪ

ਭਾਈ ਰਜਿੰਦਰ ਸਿੰਘ ਡਡਲੀ ਇਤਲਾਹ ਦੇਂਦੇ ਹਨ ਕਿ 21 ਤੋਂ 29 ਦਸੰਬਰ ਤਕ ਅਖੰਡ ਕੀਰਤਨੀ ਜਥੇ ਵਲੋਂ ਡੈਨਮਾਰਕ ਦੀ ਰਾਜਧਾਨੀ ਦੇ ਗੁਰਦਵਾਰਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੇ ਅਤੇ ਸ਼ਾਮ ਨੂੰ ਸੋਦਰ ਦੇ ਦੀਵਾਨਾਂ ਵਿਖੇ ਨਾਮ ਬਾਣੀ ਤੇ ਕੀਰਤਨ ਦੀ ਵਰਖਾ ਗੁਰੂ ਮਹਾਰਾਜ ਦੀ ਬਖਸ਼ਸ਼ ਦੁਆਰਾ ਹੋਣੀ ਹੈ। 22 ਦਸੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਜਾਇਗਾ। 28 ਦਸੰਬਰ ਰਾਤ ਨੂੰ ਅੰਮ੍ਰਿਤ ਸਿੰਚਾਰ ਹੋਣਗੇ। 29 ਦਸੰਬਰ ਸਵੇਰ ਦਾ ਦੀਵਾਨ ਕਰ ਕੇ ਜਥੇ ਦੀ ਯੂ. ਕੇ. ਵਿਖੇ ਵਾਪਸੀ। ਪ੍ਰੋਗਰਾਮ ਅਸਥਾਨ—Gurdwara Sri Guru Singh Sabha, Grone Hoj-I, 2720 Vanloses Copenhagen, Denmark, ਗੁਰਦਵਾਰਾ ਫੋਨ 01-714229, ਭਾਈ ਸੁਬੇਗ ਸਿੰਘ 02-542766, ਪਹਿਲਾਂ ਇਸੇ ਤਰ੍ਹਾਂ ਦਾ ਗੁਰਮਤਿ ਕੈਂਪ ਹਾਲੈਂਡ ਵਿਖੇ ਲਾਇਆ ਗਿਆ ਹੈ, ਜਿਸ ਵਿਚ 15 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ ਤੇ ਗੁਰਮਤਿ ਦੇ ਧਾਰਨੀ ਹੋਏ।

## ਗੁਰਦਵਾਰਾ ਸਾਹਿਬ ਸ਼ਿਮਲਾਪੁਰੀ ਲੁਧਿਆਣਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਰਾਮਪੁਰ ਸੂਚਨਾ ਦੇਂਦੇ ਹਨ ਕਿ ਗੁਰਦਵਾਰਾ ਸਾਹਿਬ ਸ਼ਿਮਲਾਪੁਰੀ ਨੇੜੇ ਇੰਜੀਨਰਿੰਗ ਕਾਲਜ ਵਿਖੇ ੧੪ ਦਸੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org